# ਅੰਮ੍ਰਿਤ ਕੀਰਤਨ

# AMRIT KIRTAN

## ਇੱਕ ਮਹਿਕ ਦਾ ਸਫ਼ਰਨਾਮਾ

(ਗਿਆਨੀ ਸੰਤ ਸਿੰਘ ਭਟਪੁਰੀ ਯਾਦਗਾਰੀ ਅੰਕ)



(1916-1993)

ਜੁਲਾਈ 2001

ਸੰਪਾਦਕ :
ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਗੁਰਮਤਿ ਸੰਗੀਤ ਸਬੰਧੀ ਮਾਸਿਕ ਪੱਤਰ
ਅੰਕ 6 • ਸਾਲ ਤੇਹਰਵਾਂ • ਜੂਨ 2001

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ.(ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ.

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**
ਐਮ.ਏ., ਪੀ.ਐਚ.ਡੀ.

ਸਹਿਯੋਗੀ
**ਸ. ਹਰਭਜਨ ਸਿੰਘ**
**ਸ. ਉੱਤਮ ਸਿੰਘ**

ਚੰਦੇ ਦਾ ਵੇਰਵਾ :
• ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ., ਜੀਵਨ ਮੈਂਬਰ (15 ਸਾਲ) 1500 ਰੁ.
• ਵਿਦੇਸ਼: ਸਲਾਨਾ 30 $ ਜੀਵਨ ਮੈਂਬਰ (15 ਸਾਲ) 300 $

ਇਸ਼ਤਿਹਾਰਾਂ ਦਾ ਵੇਰਵਾ :
*ਪਿਛਲਾ ਕਵਰ:* 6000 ਰੁਪਏ
*ਕਵਰ ਦੇ ਅੰਦਰਲੇ ਪੰਨੇ:* 4000 ਰੁਪਏ
*ਸਾਧਾਰਨ ਪੂਰਾ ਪੰਨਾ:* 2000 ਰੁਪਏ

ਚਿੱਠੀ ਪੱਤਰ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/I, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-701396, 713915
**e-mail:** drjagirsingh@rediffmail.com

'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

Donations are eligible for relief u/s 80 G of Income-Tax Act, 1961 vide CIT/CHD/80-G/78/Tech. dated 30/7/1999 valid upto 31/3/2001

**2** **ਮਿਤ੍ਰ ਅਸਾਡੜੇ ਸੇਈ**

**7** **ਕਰਉ ਬੇਨੰਤੀਆ**

**9** **ਸੰਦੇਸ਼**
ਸਰਦਾਰ ਗੁਰਚਰਨ ਸਿੰਘ ਟੌਹੜਾ

**10** **ਵਿਸ਼ੇਸ਼ ਸੰਪਾਦਕੀ :**
**ਬਾਬਾਣੀਆਂ ਕਹਾਣੀਆਂ, ਪੁਤ-ਸਪੁਤ ਕਰੇਨਿ**
ਡਾ. ਜਸਬੀਰ ਸਿੰਘ ਸਰਨਾ

**11** **ਯਾਦਾਂ ਦੀ ਖੁਸ਼ਬੂ**

**29** **ਅਕੀਦਤੇ-ਪ੍ਰੈਸ**

**31** **ਕਲਮਾਂ ਦੀ ਖੁਸ਼ਬੂ**

**34** **ਸੁਰ-ਲਿਪੀਆਂ**
ਭਾਈ ਜਸਪਾਲ ਸਿੰਘ
ਉਸਤਾਦ ਜਸਵੰਤ ਸਿੰਘ ਭਵਰਾ

**35** **ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ**
ਮਨਮੋਹਨ ਸਿੰਘ

**ਕਵਰ ਚਿੱਤਰ :**
ਗਿਆਨੀ ਸੰਤ ਸਿੰਘ 'ਭਟਪੁਰੀ'

ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ.ਸੀ.ਐਫ. 107, ਫੇਜ਼ -7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

COMPUTER TYPE SETTING
sohal specials
Designers & Printers
Ph: 391443 Pg: 9610408677

# ਮਿਤ੍ਰ ਅਸਾਡੜੇ ਸੇਈ

★ ਮਾਰਚ 2001 ਦਾ ਸੰਪਾਦਕੀ 'ਕੀ ਅੰਮ੍ਰਿਤ ਕੀਰਤਨ ਬੰਦ ਕਰ ਦਈਏ?' ਪੜ੍ਹ ਕੇ ਬਹੁਤ ਪੀੜਾ ਮਹਿਸੂਸ ਕੀਤੀ। ਫਿਰ ਅਪ੍ਰੈਲ 2001 ਵਿੱਚ ਗਿਆਨੀ ਬਚਿੱਤਰ ਸਿੰਘ ਐਡਵੋਕੇਟ ਦੀ ਚਿੱਠੀ ਪੜ੍ਹੀ ਅਤੇ ਪਤਾ ਲੱਗਾ ਕਿ ਕੋਈ ਮੈਗਜ਼ੀਨ ਜਾਂ ਪੱਤਰ ਕੱਢਣ ਵਾਲਿਆਂ ਨੂੰ ਕਿੰਨੀਆਂ ਤਕਲੀਫਾਂ ਸਹਿਣੀਆਂ ਪੈਂਦੀਆਂ ਹਨ ਅਤੇ ਕਈ ਵਾਰ ਪੱਤਰ ਲਈ ਸਹਾਇਤਾ ਲੈਣ ਗਿਆਂ ਅੱਗੋਂ ਕਿੱਦਾਂ ਦੀਆਂ ਗੱਲਾਂ ਸੁਣਨੀਆਂ ਪੈਂਦੀਆਂ ਹਨ। ਮੈਂ ਆਪਣੇ ਬੇਟੇ ਪਰਵਿੰਦਰ ਸਿੰਘ ਨੂੰ ਇਹ 'ਸੰਪਾਦਕੀ' ਅਤੇ ਚਿੱਠੀ ਪੜ੍ਹ ਕੇ ਸੁਣਾਈ ਅਤੇ ਮੈਂ ਕਿਹਾ ਕਿ ਇਸ ਮੈਗਜ਼ੀਨ ਨੂੰ ਜਾਰੀ ਰੱਖਣਾ ਬਹੁਤ ਵੱਡੀ ਸੇਵਾ ਅਤੇ ਪੁੰਨ ਦਾ ਕੰਮ ਹੈ। ਭਾਈ ਗੁਰਦਾਸ ਜੀ ਦਾ ਕਥਨ, "ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ, ਤੈਸੇ ਪੁੰਨ ਸਿਖ ਕਉ ਇਕ ਸ਼ਬਦ ਸਿਖਾਇਕਾ" ਇਹ ਪੱਤਰ ਕੀਰਤਨ ਸਿੱਖਣ 'ਚ ਸਹਾਇਤਾ ਕਰ ਰਿਹਾ ਹੈ। ਸੋ ਇਸ ਤਰ੍ਹਾਂ ਪਰੇਰ ਕੇ ਉਸ ਦੀ ਤਨਖਾਹ ਚੋਂ ਪੰਜ ਹਜ਼ਾਰ ਰੁਪੈ ਦਾ ਡਰਾਫਟ ਭੇਜ ਰਿਹਾ ਹਾਂ ਜੀ। ਇਹ ਰਕਮ ਭਾਵੇਂ ਬੜੀ ਤੁਛ ਜਿਹੀ ਹੈ ਪਰ ਫਿਰ ਵੀ ਇਸ ਪੱਤਰ ਪ੍ਰਤੀ ਸਨੇਹ ਦੀ ਪ੍ਰਤੀਕ ਜ਼ਰੂਰ ਹੈ।

– ***ਅੱਛਰ ਸਿੰਘ,*** 2 ਰਾਜਾ ਕੀ ਚਾਲ (ਈ) ਅਦਰਸ਼ ਲੇਨ, ਜਵਾਹਰ ਨਗਰ, ਖਾਰ (ਈ) ਮੁੰਬਈ

★ 'ਅੰਮ੍ਰਿਤ ਕੀਰਤਨ' ਦਾ ਅਪ੍ਰੈਲ ਅੰਕ ਜਿਉਂ ਹੀ ਮਿਲਿਆ ਇੱਕ ਤੋਂ ਪਿੱਛੋਂ ਦੂਜੀ ਲਿਖਤ ਪੜ੍ਹਦਿਆਂ ਇੱਕੋ ਵਾਰੀ ਵਿੱਚ ਹੀ ਸਾਰਾ ਪੜ੍ਹਨਾ ਪਿਆ। ਸਾਰੀਆਂ ਦੀਆਂ ਸਾਰੀਆਂ ਲਿਖਤਾਂ ਇੱਕ ਦੂਜੀ ਤੋਂ ਵੱਧ ਢੁਕਵੀਆਂ ਸਨ। ਇਸ ਅੰਕ ਨੇ ਮੈਨੂੰ ਮਜ਼ਬੂਰ ਕਰ ਦਿੱਤਾ ਕਿ ਮੈਂ ਤੁਹਾਨੂੰ ਚਿੱਠੀ ਜ਼ਰੂਰ ਲਿਖਾਂ। ਇਸ ਅੰਕ ਨੇ ਮੈਨੂੰ ਚਿੱਠੀ ਤੋਂ ਇਲਾਵਾ ਕੁਝ ਹੋਰ ਲਿਖਣ ਲਈ ਵੀ ਪ੍ਰੇਰਿਤ ਕੀਤਾ ਹੈ।

ਹਮੇਸ਼ਾ ਵਾਂਗ 'ਕਰਉ ਬੇਨੰਤੀਆ' ਵਿੱਚ ਇਸ ਵਾਰ ਫੇਰ ਤੁਹਾਡਾ ਆਪਣਾ ਹੀ ਵਿਸ਼ੇਸ਼ ਹੰਭਲਾ ਨਜ਼ਰ ਆਇਆ। ਤੁਹਾਡੀ ਹਾਂ-ਵਾਚੀ ਸੋਚ ਤੁਹਾਡੀ ਸਖਸ਼ੀਅਤ ਦਾ ਚੰਗੇਰਾ ਪੱਖ ਦਰਸਾਉਂਦੀ ਹੈ। ਪਰਉਪਕਾਰ ਬਾਰੇ ਲਿਖ ਕੇ ਤੁਸੀਂ ਆਪਣੇ ਪਾਠਕਾਂ ਅਤੇ ਸ਼ਰਧਾਲੂਆਂ ਤੇ ਪਰਉਪਕਾਰ ਕੀਤਾ ਹੈ।

ਗਿਆਨੀ ਬਚਿੱਤਰ ਸਿੰਘ ਐਡਵੋਕੇਟ ਜੀ ਦਾ ਲੇਖ 'ਹਰਿਮੰਦਰ ਸਾਹਿਬ ਵਿੱਚ ਗੈਰ-ਸਿੱਖ ਰਾਗੀਆਂ ਅਤੇ ਰਬਾਬੀਆਂ ਦੇ ਕੀਰਤਨ ਕਰਨ ਉੱਤੇ ਪਾਬੰਦੀ ਚਰਚਾ ਦਾ ਵਿਸ਼ਾ' ਵਿੱਚ ਉਹਨਾਂ ਕੀਰਤਨ ਦਾ ਇੱਕ ਮੂਲ ਮੁੱਦਾ ਉਠਾਇਆ ਹੈ। ਸਾਡੀ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਉਹ ਧਾਰਮਿਕ ਆਗੂਆਂ ਨੂੰ ਸੁਮੱਤ ਬਖ਼ਸ਼ੇ ਅਤੇ ਅਜਿਹਾ ਸਮਾਂ ਛੇਤੀ ਆਵੇ ਜਦੋਂ ਸੰਗਤਾਂ ਭਾਈ ਮਰਦਾਨਾ ਜੀ ਦੇ ਵੰਸ਼ ਵਿੱਚੋਂ ਭਾਈ ਲਾਲ ਜੀ ਅਤੇ ਹੋਰਾਂ ਰਾਗੀਆਂ ਅਤੇ ਰਬਾਬੀਆਂ ਦਾ ਕੀਰਤਨ ਹਰਿਮੰਦਰ ਸਾਹਿਬ ਅਤੇ ਹੋਰ ਗੁਰਧਾਮਾਂ ਤੋਂ ਸਰਵਣ ਕਰ ਸਕਣ।

ਪ੍ਰੋ. ਗੁਰਮੁਖ ਸਿੰਘ ਸਹਿਗਲ ਹੋਰਾਂ ਦੇ ਲੇਖ 'ਸੱਚ-ਖੰਡ ਹਜ਼ੂਰ ਸਾਹਿਬ ਨਾਂਦੇੜ ਵਿੱਚ ਅਦੁੱਤੀ ਗੁਰਮਤਿ ਸਮਾਗਮ' ਬਹੁਤ ਹੀ ਪਸੰਦ ਆਇਆ। 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।' ਮਹਾਂਵਾਕ ਅਨੁਸਾਰ ਸਿੱਖ ਧਰਮ ਇੱਕ secular ਧਰਮ ਹੈ।

ਸ. ਬਲਵਿੰਦਰ ਸਿੰਘ ਅਤੇ ਸ. ਕਰਤਾਰ ਸਿੰਘ ਨੀਲਧਾਰੀ ਹੋਰਾਂ ਨੇ 'ਸਭ ਦੂ ਵਡੇ ਭਾਗ ਗੁਰਸਿਖਾਂ ਕੇ' ਅਤੇ 'ਅਮਲਾਂ ਦੇ ਹੋਣਗੇ ਨਬੇੜੇ' ਰਾਹੀਂ ਅਜ ਕਲ ਕੁਰਾਹੇ ਪਏ ਸਿੱਖਾਂ ਨੂੰ ਰਾਹ ਦਿਖਾਉਣ ਦੀ ਬੜੀ ਚੰਗੀ ਕੋਸ਼ਿਸ਼ ਕੀਤੀ ਹੈ।

ਪ੍ਰੋ. ਰਾਜਿੰਦਰ ਕੌਰ (ਸਪੁੱਤਰੀ ਭਾਈ ਬਖਸ਼ੀਸ਼ ਸਿੰਘ ਜੀ) -ਮਹਾਨ ਕੀਰਤਨੀਏ ਭਾਈ ਸਾਹਿਬ ਭਾਈ ਬਖਸ਼ੀਸ਼ ਸਿੰਘ ਜੀ ਦੇ ਜੀਵਨ ਤੇ ਛੋਟੀ ਜਿਹੀ ਝਾਤ ਪਵਾਈ ਹੈ। ਏਨੀ ਵੱਡੀ ਸਖਸ਼ੀਅਤ ਲਈ ਚੰਗਾ ਹੁੰਦਾ ਕਿ ਭਾਈ ਸਾਹਿਬ ਦੇ ਕੀਰਤਨੀ ਜੀਵਨ ਅਤੇ ਉਹਨਾਂ ਦੀਆਂ ਪ੍ਰਾਪਤੀਆਂ ਤੇ ਹੋਰ ਵਿਸਥਾਰ ਨਾਲ ਚਰਚਾ ਕੀਤੀ ਜਾਂਦੀ।

'ਕੀਰਤਨ ਦਾ ਕਲਾਕਾਰ' ਰਾਹੀਂ ਬਬਲੀ ਐਸ. ਸਿੰਘ ਨੇ ਸਾਡੇ ਵਰਗੇ ਤੁੱਛ ਬੰਦਿਆਂ ਦੀਆਂ ਅੱਖਾਂ ਖੋਹਲ ਦਿੱਤੀਆਂ। ਅਸੀਂ ਤਾਂ ਤੁਹਾਨੂੰ 'ਘਰ ਦਾ ਜੋਗੀ ਜੋਗੜਾ' ਹੀ ਸਮਝਦੇ ਰਹੇ। ਤੁਹਾਡੇ ਚੰਗੇ ਗੁਣਾਂ ਦਾ ਸਹੀ ਵਰਨਣ ਉਹਨਾਂ ਨੇ ਬੜੀ ਚੰਗੀ ਤਰ੍ਹਾਂ ਕੀਤਾ ਹੈ। ਨੇੜਤਾ ਦਾ ਨੁਕਸਾਨ ਇਹ ਵੀ ਹੈ ਕਿ ਆਪਣਿਆਂ ਵਿੱਚ ਖੂਬੀਆਂ ਆਪਣਿਆਂ ਤੋਂ ਪਛਾਣੀਆਂ ਨਹੀਂ ਜਾਂਦੀਆਂ। ਏਸ ਭੁੱਲ ਲਈ ਮਾਫੀ ਚਾਹਾਂਗਾ ਅਤੇ ਬਬਲੀ ਜੀ ਦਾ ਧੰਨਵਾਦ ਕਰਨਾ ਚਾਹਾਂਗਾ। ਪਰ ਫੇਰ ਵੀ ਮੈਨੂੰ ਇੱਕ ਅਹਿਸਾਸ ਸਦਾ ਹੀ ਰਿਹਾ ਕਿ ਤੁਹਾਡੀ ਸ਼ਬਦ-ਗਾਇਨ ਲਈ ਸ਼ਬਦਾਂ ਦੀ ਚੋਣ ਇੱਕ ਆਪਣੀ ਹੀ ਕਿਸਮ ਦੀ ਵੱਖਰੀ ਤੇ ਅਰਥ ਭਰਪੂਰ ਹੁੰਦੀ ਹੈ। ਜਿਵੇਂ ਜੋਗਾ ਸਿੰਘ ਕਿਹਾ ਕਰਦਾ

ਸੀ ਕਿ ਜਾਗੀਰ ਸਿੰਘ ਜਦੋਂ ਕੀਰਤਨ ਕਰਦਾ ਹੈ ਤਾਂ ਨਾਸਤਿਕ ਵੀ ਪ੍ਰੇਮ ਨਾਲ ਸੁਣਦੇ ਹਨ। ਖੈਰ ਇਹ ਤਾਂ ਆਪਣੀ ਆਪਣੀ ਸੋਚ ਹੈ ਅਤੇ ਆਪਣੀ ਆਪਣੀ ਪਸੰਦ। ਕੀਰਤਨ ਦੇ ਇਸ ਵਿਸ਼ਾਲ ਪਰਿਵਾਰ ਵਿੱਚ ਤੁਸੀਂ ਆਪਣੀ ਇੱਕ ਉੱਚ-ਪਧਰੀ ਵੱਖਰੀ ਪਹਿਚਾਣ ਬਣਾ ਲਈ ਹੈ। ਜਿਸ ਲਈ ਤੁਸੀਂ ਉੱਚੇ ਮਾਣ-ਸਤਿਕਾਰ ਦੇ ਅਧਿਕਾਰੀ ਹੋ।

In the end - "Khalsa- the culmination of Guru Nanak's spiritual Revolution" by S. Bhagwant Singh Dalawari was an excellent summing up of Guru's sacrifices and thoughts to uphold righteousness as what They (the Gurus) perceived and as to what the Khalsa is supposed to be. And further with on honest introspection, he admits with all the sincerity and honestly, the bad image we the "Khalsa" hold today. We do need to wake up...!

'ਅੰਮ੍ਰਿਤ ਕੀਰਤਨ' ਨੇ ਨਵੀਆਂ ਸਿਖਰਾਂ ਛੋਹੀਆਂ ਹਨ। ਪਰ 'ਆਸਮਾਂ ਔਰ ਭੀ ਹੈ ਸਿਤਾਰੋਂ ਸੇ ਆਗੇ।' ਤੁਹਾਡੀ ਅਣਥੱਕ ਮਿਹਨਤ, ਲਗਨ ਤੇ ਚੰਗੇਰੀ ਸੂਝ ਇਸ ਪਰਚੇ ਨੂੰ ਹੋਰ ਉੱਚੀਆਂ ਬੁਲੰਦੀਆਂ ਤੇ ਲੈ ਕੇ ਜਾਏਗੀ ਤੁਹਾਡੇ ਕੀਰਤਨ ਵਾਂਗ ਹੀ। ਇਸ ਵਿੱਚ ਕੋਈ ਸ਼ੱਕ ਨਹੀਂ।

ਮੇਰੀਆਂ ਢੇਰ ਸਾਰੀਆਂ ਸ਼ੁਭ ਇਛਾਵਾਂ, ਹੋਰ ਸੈਂਕੜੇ ਪਾਠਕਾਂ ਤੇ ਸ਼ਰਧਾਲੂਆਂ ਵਾਂਗ ਹਮੇਸ਼ਾਂ ਤੁਹਾਡੇ ਨਾਲ ਹਨ।

– *ਗੁਰਚਰਨ ਸਿੰਘ*, 250-ਫੇਜ਼-1, ਮੋਹਾਲੀ

★ ਅਪ੍ਰੈਲ ਦੇ 'ਅੰਮ੍ਰਿਤ ਕੀਰਤਨ' ਅੰਕ ਵਿੱਚ, ਰਬਾਬੀਆਂ ਅਤੇ ਹੋਰ ਗੈਰ ਸਿੱਖਾਂ ਦੇ ਸ੍ਰੀ ਹਰਿਮੰਦਰ ਸਾਹਿਬ ਵਿੱਚ ਕੀਰਤਨ ਕਰਨ ਬਾਰੇ ਲਗੀ ਹੋਈ ਪਾਬੰਦੀ ਬਾਰੇ, ਜੋ ਤੁਸਾਂ ਸਿੱਖ ਸੰਗਤਾਂ ਦਾ ਧਿਆਨ ਖਿੱਚਿਆ ਹੈ, ਬੜੀ ਪ੍ਰਸੰਸਾ ਯੋਗ ਗੱਲ ਹੈ।

ਇਸ ਬਾਰੇ ਗਿਆਨੀ ਬਚਿੱਤਰ ਸਿੰਘ ਐਡਵੋਕੇਟ ਦਾ ਲੇਖ ਬਹੁਤ ਹੀ ਵਧੀਆ ਹੈ, ਜਿਸ ਨੂੰ ਪੜ੍ਹਕੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕਾਂ ਦੇ ਕਪਾਟ ਖੁੱਲ੍ਹ ਜਾਣੇ ਚਾਹੀਦੇ ਹਨ ਅਤੇ ਇਸ ਗਲਤੀ ਨੂੰ ਛੇਤੀ ਹੀ ਸੁਧਾਰਨਾ ਚਾਹੀਦਾ ਹੈ। ਇਸ ਬਾਰੇ ਹੋਰ ਪੱਤਰਾਂ ਵਿੱਚ ਵੀ ਲੇਖ ਛਪਣੇ ਚਾਹੀਦੇ ਹਨ।

– *ਹਰਭਜਨ ਸਿੰਘ 'ਰਤਨ'*, ਬੀ-15, ਲਾਜਪਤ ਨਗਰ-3, ਨਵੀਂ ਦਿੱਲੀ

★ ਮਾਰਚ ਮਹੀਨੇ ਦਾ 'ਅੰਮ੍ਰਿਤ ਕੀਰਤਨ' ਅੰਕ ਪੜ੍ਹਿਆ ਜਿਸ ਵਿੱਚ ਡਾ. ਜਾਗੀਰ ਸਿੰਘ ਹੁਰਾਂ ਨੇ 'ਅੰਮ੍ਰਿਤ ਕੀਰਤਨ' ਮੈਗਜ਼ੀਨ ਬੰਦ ਕਰਨ ਬਾਰੇ ਗੱਲ ਕੀਤੀ, ਉਦੋਂ ਦਾ ਹੀ ਮੇਰੇ ਮਨ ਵਿੱਚ ਇਹ ਖਿਆਲ ਵਾਰ ਵਾਰ ਆ ਰਿਹਾ ਹੈ ਕਿ ਪਤਾ ਨਹੀਂ ਡਾ. ਸਾਹਿਬ ਨੇ ਕਿਤਨੀ ਮਾਨਸਿਕ ਪੀੜਾਂ 'ਚੋਂ ਗੁਜ਼ਰਦਿਆਂ ਆਪਣੇ ਭਾਵਾਂ ਨੂੰ ਇਹ ਸ਼ਬਦ ਦਿੱਤੇ ਹੋਣਗੇ।

ਮੇਰਾ ਸੁਭਾਗ ਹੈ ਕਿ ਵੀਰ ਜੀ ਨਾਲ ਮੇਰਾ ਪਰਿਵਾਰਕ ਸੰਬੰਧ ਬਚਪਨ ਤੋਂ ਹੈ। ਇਹਨਾਂ ਦੇ ਪਿਤਾ ਜੀ ਪੰਥ ਪ੍ਰਸਿੱਧ ਕੀਰਤਨੀਏ ਭਾਈ ਉੱਤਮ ਸਿੰਘ ਜੀ 'ਪਤੰਗ' (ਸਤਿਕਾਰ ਯੋਗ ਭਾਪਾ ਜੀ) ਜਿਨ੍ਹਾਂ ਦਾ ਪਿਤਰੀ ਪਿਆਰ-ਆਸ਼ੀਰਵਾਦ ਉਹਨਾਂ ਦੇ ਅਖੀਰੀ ਸੁਆਸਾਂ ਤੱਕ ਸਾਨੂੰ ਮਿਲਦਾ ਰਿਹਾ ਦੇ ਸਮੁੱਚੇ ਜੀਵਨ ਵਿੱਚ ਪੰਜ (ਸਸੇ) ਸਿਮਰਨ, ਸੰਗੀਤ, ਸਿਦਕ, ਸਬਰ, ਸੰਤੋਖ ਕੁੱਟ-ਕੁੱਟ ਕੇ ਭਰੇ ਹੋਏ ਸਨ। ਜਦੋਂ ਕਦੇ ਵੀ ਵੀਰ ਜੀ (ਡਾ. ਸਾਹਿਬ) ਨੂੰ ਮਿਲਣ ਦਾ ਸੁਭਾਗ ਪ੍ਰਾਪਤ ਹੁੰਦਾ ਹੈ ਤਾਂ ਉਹਨਾਂ ਗੁਣਾਂ ਨਾਲ ਹੀ ਸਰਸ਼ਾਰ ਭਾਪਾ ਜੀ ਦੀ ਸਖਸ਼ੀਅਤ ਦੇ ਪ੍ਰਮੁੱਖ ਦਰਸ਼ਨ ਵੀਰ ਜੀ 'ਚੋਂ ਹੋ ਜਾਂਦੇ ਹਨ।

'ਅੰਮ੍ਰਿਤ ਕੀਰਤਨ' ਮੈਗਜ਼ੀਨ ਲਗਪਗ 12-13 ਸਾਲਾਂ ਤੋਂ ਕੌਮ ਦੀ ਸੇਵਾ ਕਰਦਾ ਆ ਰਿਹਾ ਹੈ। ਸਮੁੱਚਾ ਪਾਠਕ ਵਰਗ ਗਵਾਹ ਹੈ ਕਿ 'ਅੰਮ੍ਰਿਤ ਕੀਰਤਨ' ਨੇ ਇਸ ਸਮੇਂ ਦੌਰਾਨ ਬਹੁਤ ਵੱਡਾ ਪੈਂਡਾ ਤਹਿ ਕੀਤਾ ਹੈ। ਇਸਦੀ ਲਿਖਣ ਸਮੱਗਰੀ, ਬਾਹਰੀ ਦਿੱਖ, ਆਕਾਰ ਦਾ ਵਾਧਾ ਅਤਿਅੰਤ ਹੀ ਦਿਲਕਸ਼ ਹੋ ਨਿਬੜਿਆ ਹੈ। 'ਅੰਮ੍ਰਿਤ ਕੀਰਤਨ' ਨੇ ਪਾਠਕਾਂ ਪ੍ਰਤੀ ਕੋਈ ਕਸਰ ਨਹੀਂ ਛੱਡੀ। ਸਾਡਾ ਇਸ ਪ੍ਰਤੀ ਕੀ ਯੋਗਦਾਨ ਹੈ? ਬਸ ਇਸ ਦੀ ਸਾਨੂੰ ਸਾਰਿਆਂ ਨੂੰ ਸਵੈ-ਪੜਚੋਲ ਕਰਨੀ ਪਵੇਗੀ। ਇਸ ਪ੍ਰਤੀ ਮੇਰੇ ਕੁਝ ਸੁਝਾਅ ਹਨ ਆਪ ਨਾਲ ਸਾਂਝੇ ਕਰ ਰਿਹਾ ਹਾਂ।

1. ਸਾਡੀ ਕੌਮ ਤੇ ਸਤਿਗੁਰ ਬਹੁਤ ਬਖਸ਼ਿਸ਼ ਹੈ ਸਰਮਾਏ ਦੇ ਨਾਲ ਨਾਲ ਸਤਿਗੁਰ ਨੇ ਦਿਲ ਵੀ ਬਹੁਤ ਬਖਸ਼ਿਆ ਹੈ ਜਦੋਂ ਕਦੇ ਵੀ ਕਿਸੇ ਗੁਰਮਤਿ-ਕਾਰਜ ਲਈ ਮਾਇਆ ਦੀ ਜ਼ਰੂਰਤ ਹੋਵੇ ਬਸ ਇੱਕ ਅਪੀਲ ਕਰਨ

ਦੀ ਲੋੜ ਹੈ ਸੰਗਤਾਂ ਖੁਲ੍ਹੇ ਦਿਲ ਨਾਲ ਮਾਇਆ ਦੇ ਗੱਫ਼ੇ ਦੇ ਦਿੰਦੀਆਂ ਹਨ। ਦਿੱਲੀ ਇੱਕ ਗੁਰਦੁਆਰਾ ਸਾਹਿਬ ਲਈ ਸੋਨੇ ਦਾ ਕਲਸ ਚੜ੍ਹਾਉਣਾ ਸੀ ਸੰਤਾਂ ਨੇ ਬੇਨਤੀ ਕੀਤੀ ਫਿਰ ਕੀ ਸੀ ਜਿਤਨੀ ਸੰਗਤ ਉੱਥੇ ਬੈਠੀ ਸੀ ਉਹਨਾਂ ਕੋਲ ਜੋ ਵੀ ਸੋਨਾ ਸੀ ਯਥਾ-ਸ਼ਕਤ ਭੇਟ ਕਰ ਦਿੱਤਾ (ਇਹ ਹਵਾਲਾ ਕੇਵਲ ਟੂਕ ਮਾਤਰ ਹੈ) ਇੱਕ ਵੇਗ ਹੀ ਆ ਗਿਆ।

ਵਾਹਿਗੁਰੂ ਕ੍ਰਿਪਾ ਕਰਨ ਇਸ ਤਰ੍ਹਾਂ ਦੀ ਚੇਤਨਾ, ਉਤਸ਼ਾਹ, ਉਮੰਗ ਅਤੇ ਵੇਗ ਸਾਡੇ ਮਨਾਂ ਵਿੱਚ ਗੁਰਮਤਿ ਸੰਗੀਤ-ਸਾਹਿਤ ਅਤੇ 'ਅੰਮ੍ਰਿਤ ਕੀਰਤਨ' ਪ੍ਰਤੀ ਵੀ ਆ ਜਾਵੇ।

2. ਸਤਿਗੁਰ ਸਾਨੂੰ ਸਦਾ ਹੀ ਸੁਭਾਗੇ ਸਮੇਂ ਬਖਸ਼ਦੇ ਰਹਿੰਦੇ ਹਨ ਜਿਹਨਾਂ ਨੂੰ ਅਸੀਂ ਪਰਿਵਾਰਕ ਤੌਰ ਗੁਰਮਤਿ ਅਨੁਸਾਰ ਮਨਾਉਂਦੇ ਹਾਂ। ਸ਼ੁਕਰਾਨਾ, ਗ੍ਰਹਿ ਪ੍ਰਵੇਸ਼, ਬੱਚੇ ਦਾ ਜਨਮ ਦਿਨ, ਸ਼ਾਦੀ, ਬਜ਼ੁਰਗਾਂ ਦੀ ਯਾਦ ਆਦਿਕ। ਇਹਨਾਂ ਕਾਰਜਾਂ ਤੇ ਅਸੀਂ ਲੋੜ ਅਨੁਸਾਰ ਪਾਠੀ, ਰਾਗੀ ਸਿੰਘਾਂ, ਗੁਰਦੁਆਰਾ ਬਿਲਡਿੰਗ, ਕੱਪੜੇ, ਬਰਤਨ ਅਤੇ ਲੰਗਰ ਆਦਿਕ ਲਈ ਭੇਟਾਵਾਂ ਵੀ ਦਿੰਦੇ ਹਾਂ।

ਆਪ ਸਭ ਪਾਠਕਾਂ ਨੂੰ ਬੇਨਤੀ ਹੈ ਕਿ ਇਹਨਾਂ ਭੇਟਾਵਾਂ ਵਿੱਚ ਇੱਕ ਭੇਟਾ 'ਅੰਮ੍ਰਿਤ ਕੀਰਤਨ' ਲਈ ਵੀ ਜ਼ਰੂਰ ਰੱਖੀ ਜਾਵੇ। ਮੈਨੂੰ ਪੂਰਨ ਭਰੋਸਾ ਹੈ ਕਿ ਆਪ ਨੂੰ ਮੇਰਾ ਇਹ ਸੁਝਾਅ ਬਹੁਤ ਅੱਛਾ ਲੱਗੇਗਾ।

3. ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਬੇਨਤੀ ਹੈ ਕਿ 'ਅੰਮ੍ਰਿਤ ਕੀਰਤਨ' ਨੂੰ ਪ੍ਰਫੁੱਲਤ ਕਰਨ ਲਈ ਵੱਧ ਤੋਂ ਵੱਧ ਸਹਿਯੋਗ ਦੇਣ। ਮਾਇਕ ਸਹਾਇਤਾ ਤੋਂ ਇਲਾਵਾ ਇਹ ਗੁਰਮੁਖ ਪਿਆਰੇ ਸੰਗਤ ਨੂੰ ਬਹੁਤ ਉਤਸ਼ਾਹਿਤ ਕਰ ਸਕਦੇ ਹਨ।

4. ਸੰਗੀਤ ਅਧਿਆਪਕਾਂ ਨੂੰ ਬਿਨੈ ਹੈ ਕਿ ਬਹੁਤ ਸਾਰੇ ਵਿਦਿਆਰਥੀ ਆਪ ਜੀ ਪਾਸ ਸੰਗੀਤ ਵਿਦਿਆ ਗ੍ਰਹਿਣ ਕਰਨ ਆਉਂਦੇ ਹਨ। 'ਅੰਮ੍ਰਿਤ ਕੀਰਤਨ' ਤਾਂ ਇਸ ਪੱਖੋਂ ਇੱਕ ਮੀਲ ਪੱਥਰ ਹੀ ਸਾਬਿਤ ਹੋਇਆ ਹੈ। ਸਕੂਲ, ਕਾਲਜਾਂ, ਯੂਨੀਵਰਸਿਟੀ, ਗੁਰਮਤਿ ਸੰਗੀਤ ਡਿਪਲੋਮਾ ਸਿਲੇਬਸਾਂ ਨਾਲ ਸਬੰਧਿਤ ਮੈਟਰ ਛਾਪਿਆ ਜਾਂਦਾ ਹੈ। ਕ੍ਰਿਆਤਮਕ ਅਤੇ ਸਿਧਾਂਤਿਕ ਦੋਹਾਂ ਪੱਖਾਂ ਤੇ ਹੀ ਅਦੀਬ ਵਿਦਵਾਨ ਤਜਰਬੇਕਾਰ ਲੇਖਕਾਂ ਦੀਆਂ ਰਚਨਾਵਾਂ ਛਾਪੀਆਂ ਜਾਂਦੀਆਂ ਹਨ। ਜੋ ਕਿ ਵਿਦਿਆਰਥੀਆਂ ਤੋਂ ਇਲਾਵਾ ਅਧਿਆਪਕਾਂ ਦਾ ਵੀ ਮਾਰਗ ਦਰਸ਼ਨ ਕਰਦੀਆਂ ਹਨ ਅਧਿਆਪਕਾਂ ਨੂੰ ਚਾਹੀਦਾ ਹੈ ਕਿ ਸੰਗੀਤ ਦੇ ਇਸ ਸਰਵਪੱਖੀ ਮੈਗਜ਼ੀਨ ਦੀ ਚੜ੍ਹਦੀ ਕਲਾ ਲਈ ਆਪਣਾ ਯੋਗਦਾਨ ਪਾਉਣ।

5. ਗੁਰੂ ਘਰ ਦਾ ਇੱਕ ਅਦਨਾ ਜਿਹਾ ਕੀਰਤਨੀਆ ਹੋਣ ਦੇ ਨਾਤੇ ਸਮੂਹ ਰਾਗੀ-ਗ੍ਰੰਥੀ ਸਿੰਘਾਂ ਨੂੰ ਬੇਨਤੀ ਕਰਾਂਗਾ ਕਿ ਜਦੋਂ ਕਿਤੇ ਕੀਰਤਨ, ਪਾਠ ਕਰਨ ਜਾਂਦੇ ਹਾਂ ਤਾਂ ਕਈ ਵਾਰ ਸੰਗਤਾਂ ਇਤਨਾ ਪਿਆਰ ਸਤਿਕਾਰ ਦਿੰਦੀਆਂ ਹਨ ਕਿ ਮਨ ਭਰ ਜਾਂਦਾ ਹੈ। ਸਾਹਿਬਾਂ ਦਾ ਫੁਰਮਾਨ - '*ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ, ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ*' ਆਪ ਮੁਹਾਰੇ ਮੂੰਹੋਂ ਨਿਕਲ ਆਉਂਦਾ ਹੈ।

ਸੰਗਤਾਂ ਵਲੋਂ ਜੋ ਵੀ ਕੀਰਤਨ ਭੇਟ, ਪ੍ਰੇਮ ਸਤਿਕਾਰ ਵਜੋਂ ਸਾਨੂੰ ਮਿਲਦੀ ਹੈ ਉਸ ਵਿੱਚੋਂ ਕੁਝ ਹਿੱਸਾ 'ਅੰਮ੍ਰਿਤ ਕੀਰਤਨ' ਲਈ ਜ਼ਰੂਰ ਕੱਢਣਾ ਹੈ। ਵਾਹਿਗੁਰੂ ਕਰੇ ਕਿ 'ਅੰਮ੍ਰਿਤ ਕੀਰਤਨ' ਪ੍ਰਤੀ ਸਾਡੀ ਇਹ ਨੈਤਿਕ ਜ਼ਿੰਮੇਵਾਰੀ ਬਣ ਜਾਵੇ।

ਸਤਿਗੁਰ ਕ੍ਰਿਪਾ ਕਰਨ, ਡਾ. ਜਾਗੀਰ ਸਿੰਘ ਜੀ ਅਤੇ 'ਅੰਮ੍ਰਿਤ ਕੀਰਤਨ ਟਰੱਸਟ', ਇਸੇ ਤਰ੍ਹਾਂ ਹੀ ਪੂਰੀ ਤਨਦੇਹੀ ਨਾਲ ਗੁਰਮਤਿ ਸੰਗੀਤ ਦੀ ਫੁਲਵਾੜੀ ਨੂੰ ਸਿੰਝਦੇ ਰਹਿਣ ਅਤੇ 'ਅੰਮ੍ਰਿਤ ਕੀਰਤਨ' ਦੀ ਸੁਗੰਧੀ ਸਦਾ ਸੰਗਤਾਂ ਨੂੰ ਮਿਲਦੀ ਰਹੇ। ਗੁਰਮਤਿ ਸੰਗੀਤ-ਸਾਹਿਤ ਪ੍ਰਤੀ ਚੇਤੰਨਤਾ ਪੈਦਾ ਕਰਨ ਦੀ ਜੋ ਸੇਵਾ ਸਤਿਗੁਰ ਨੇ ਆਪ ਨੂੰ ਬਖਸ਼ੀ ਹੈ ਵਾਹਿਗੁਰੂ ਬਖਸ਼ਿਸ਼ ਕਰਨ ਆਪਣੇ ਸੇਵਕਾਂ ਤੋਂ ਆਪ ਹੀ ਇਹ ਸੇਵਾ ਲੈਂਦੇ ਰਹਿਣ।

ਪਿਆਰੇ ਪਾਠਕੋ ਮੈਨੂੰ ਪੂਰਨ ਉਮੀਦ ਹੈ ਕਿ ਆਪ ਨੂੰ ਇਹ ਸੁਝਾਅ ਅੱਛੇ ਲੱਗੇ ਹੋਣਗੇ। ਇਹ ਠੀਕ ਹੈ ਕਿ ਤੁਸੀਂ ਕਈ ਗੁਰਮੁਖ ਪਿਆਰੇ ਬਹੁਤ ਦੂਰ-ਦਰੇਡੇ ਦੇਸ਼-ਵਿਦੇਸ਼ ਵਿਖੇ ਰਹਿੰਦੇ ਹੋ ਸਾਰਿਆਂ ਨੂੰ ਜਾਤੀ ਤੌਰ ਤੇ ਵੀ ਨਹੀਂ ਜਾਣਦਾ ਫਿਰ ਵੀ ਆਪ ਸਭ ਵਲੋਂ ਡਾ. ਸਾਹਿਬ ਨੂੰ ਵਿਸ਼ਵਾਸ਼ ਦੁਆਉਂਦਾ ਹਾਂ ਕਿ ਸਾਡੀਆਂ ਸੇਵਾਵਾਂ ਸਾਡੇ 'ਅੰਮ੍ਰਿਤ ਕੀਰਤਨ' ਪ੍ਰਤੀ ਸਦਾ ਹੀ ਸਮਰਪਿਤ ਹਨ। ਆਪ ਜੀ ਅਰਦਾਸ ਕਰਨਾ ਕਿ ਮੇਰਾ ਇਹ ਵਿਸ਼ਵਾਸ਼ ਆਪ ਦੀਆਂ ਅਸੀਸਾਂ ਸਦਕਾ ਸਦਾ ਅਡੋਲ ਰਹੇ।

– *ਭਾਈ ਹਰਿੰਦਰ ਪਾਲ ਸਿੰਘ (ਫਤਹਿਗੜ੍ਹ ਸਾਹਿਬ ਵਾਲੇ)*, ਐਲ. ਆਈ. ਜੀ., 3498 ਸੈਕਟਰ 70, ਮੋਹਾਲੀ

★ ਕਿਸੇ ਲੇਖਕ ਦੀ ਰਚਨਾ ਨੂੰ ਸੁਹਿਰਦ ਦ੍ਰਿਸ਼ਟੀ ਨਾਲ ਪੜ੍ਹ ਕੇ ਉਸ ਦੇ ਗੁਣਾਂ ਜਾਂ ਅਉਗਣਾਂ ਨੂੰ ਸਪੱਸ਼ਟ ਕਰ

ਦੇਣ ਨੂੰ ਆਲੋਚਨਾ ਕਿਹਾ ਜਾਂਦਾ ਹੈ। ਆਲੋਚਕ ਲਿਖਾਰੀਆਂ ਦੇ ਸ਼ੁਭ ਚਿੰਤਕ ਮੰਨੇ ਜਾਂਦੇ ਹਨ। ਕਿਸੇ ਦੇ ਗੁਣਾਂ ਨੂੰ ਆਪਣੀ ਕਮਜ਼ੋਰੀ ਛੁਪਾਉਣ ਹਿਤ, ਕਿਸੇ ਵੈਰ ਭਾਵ ਅਧੀਨ ਜਾਂ ਫਿਰ ਆਪਣੇ ਕਿਸੇ ਗੁਪਤ ਮਨੋਰਥ ਦੀ ਪੂਰਤੀ ਲਈ, ਅਉਗਣ ਬਣਾਕੇ ਦਰਸਾਉਣ ਨੂੰ ਅਲੋਚਨਾਂ ਨਹੀਂ ਨਿੰਦਾ ਜਾਂ ਅਹਿਰਖਵਾਦ ਕਿਹਾ ਜਾਂਦਾ ਹੈ, ਇਸ ਦੇ ਉਲਟ ਕਿਸੇ ਦੀ ਲਿਖਤ ਵਿੱਚ ਆਏ ਅਉਗਣਾਂ ਨੂੰ ਗੁਣ ਬਣਾ ਕੇ ਪਰਗਟ ਕਰਨ ਨੂੰ ਪ੍ਰਸੰਸਾ ਜਾਂ ਚਾਪਲੂਸੀ ਕਿਹਾ ਜਾਂਦਾ ਹੈ।

ਜਨਵਰੀ 2001 ਵਿੱਚ 'ਅੰਮ੍ਰਿਤ ਕੀਰਤਨ' ਮਾਸਕ ਪੱਤਰ ਵਿੱਚ ਛਪੇ ਬੀਬੀ ਕਮਲਜੀਤ ਕੌਰ ਦੇ ਲੇਖ 'ਇੱਕ ਗਾਇਕ ਅਤੇ ਕੀਰਤਨੀਏ ਵਿੱਚ ਕੀ ਅੰਤਰ ਹੈ' ਦੀ ਅਲੋਚਨਾ ਮਈ 2001 ਦੇ ਅੰਕ ਵਿੱਚ ਸ੍. ਕਰਤਾਰ ਸਿੰਘ ਜੀ ਨੀਲਧਾਰੀ ਨੇ ਕੀਤੀ ਹੈ, ਉਸ ਤੋਂ ਸਪਸ਼ਟ ਤੌਰ ਤੇ ਲਗਦਾ ਹੈ ਕਿ ਉਹ ਦਸਮੇਸ਼ ਪਿਤਾ ਜੀ ਦੀ ਚਲਾਈ ਹੋਈ ਅੰਮ੍ਰਿਤ ਛਕਣ ਦੀ ਪਵਿਤਰ ਮਰਿਯਾਦਾ ਦੇ ਸਖਤ ਵਿਰੋਧੀ ਹਨ। ਇਹੋ ਹੀ ਕਾਰਣ ਹੈ ਕਿ ਉਹਨਾਂ ਨੇ ਲੇਖ ਨੂੰ 'ਲੰਮੇਰਾ ਅਤੇ ਬੋਝਲ' ਕਹਿ ਕੇ ਆਪਣੇ ਮਨ ਦਾ ਬੋਝ ਹਲਕਾ ਕੀਤਾ ਹੈ।

ਅੰਮ੍ਰਿਤ ਛਕਣ ਦੀ ਗੱਲ ਕਰਕੇ ਲੇਖਿਕਾ ਨੇ ਭਾਈ ਮਰਦਾਨਾ ਜੀ ਦੀ ਸ਼ਖਸ਼ੀਅਤ ਤੇ ਕੋਈ ਸਵਾਲੀਆ ਚਿੰਨ੍ਹ ਨਹੀਂ ਲਗਾਇਆ। ਹਾਂ ਆਲੋਚਕ ਜੀ ਨੂੰ ਆਪਣੇ ਬਾਰੇ ਅਜਿਹਾ ਮਹਿਸੂਸ ਹੋਇਆ ਹੋਵੇ ਤਾਂ ਕੁਝ ਕਿਹਾ ਨਹੀਂ ਜਾ ਸਕਦਾ। ਇੱਥੇ ਇਹ ਸਪਸ਼ਟ ਕਰ ਦੇਣਾ ਭੀ ਜ਼ਰੂਰੀ ਹੋਵੇਗਾ ਕਿ ਭਾਈ ਮਰਦਾਨਾ ਜੀ ਅੰਮ੍ਰਿਤਧਾਰੀ ਸਨ। ਹਾਂ ਇਹ ਜ਼ਰੂਰ ਹੋਵੇਗਾ ਕਿ ਉਸ ਵੇਲੇ ਮਰਯਾਦਾ ਚਰਣ ਪਾਹੁਲ ਦੀ ਸੀ ਜੋ ਕਿ ਦਸਮੇਸ਼ ਪਿਤਾ ਜੀ ਤੋਂ ਖੰਡੇ ਦੀ ਪਾਹੁਲ ਵਿੱਚ ਤਬਦੀਲ ਹੋ ਗਈ। ਸਿੱਖ ਇਤਿਹਾਸ -ਭਾਗ 2 (ਪ੍ਰਕਾਸ਼ਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ) ਅਨੁਸਾਰ 'ਮਰਦਾਨਾ ਮਿਰਾਸੀ, ਗੁਰੂ ਜੀ ਦਾ ਰਬਾਬੀ ਅਤੇ ਸਿੱਖ ਬਣਕੇ ਭਾਈ ਮਰਦਾਨਾ ਬਣ ਗਿਆ' ਭਾਈ ਮਰਦਾਨਾ ਸਿੱਖੀ ਰਹਿਤ ਮਰਯਾਦਾ ਦਾ ਚੰਗਾ ਜਾਣੂ ਅਤੇ ਅਭਿਆਸੀ ਭੀ ਸੀ। ਉਸਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਉਚਾਰਣ ਕੀਤੀ ਹੋਈ ਸਾਰੀ ਬਾਣੀ ਕੰਠ ਸੀ। ਜਿਸ ਪਵਿੱਤਰ ਅੰਮ੍ਰਿਤ ਅਤੇ ਨਾਮ ਦੀ ਦਾਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇਸ਼ਾਂ ਦੇਸ਼ਾਂਤਰਾਂ ਵਿੱਚ ਜਾ ਕੇ ਸਾਰੀ ਉਮਰ ਵੰਡਦੇ ਰਹੇ, ਕਿ ਉਹ ਆਪਣੇ ਖਾਸੁਲ-ਖਾਸ, ਸਾਰੀ ਉਮਰ ਦੇ ਪਿਆਰੇ ਸਾਥੀ ਭਾਈ ਮਰਦਾਨਾ ਜੀ ਨੂੰ ਇਸ ਦਾਤ ਤੋਂ ਵਿਰਵਾ ਰਖ ਸਕਦੇ ਸਨ? ਨਹੀਂ, ਬਿਲਕੁਲ ਨਹੀਂ, ਐਸਾ ਕਦੇ ਸੋਚਿਆ ਭੀ ਨਹੀਂ ਜਾ ਸਕਦਾ। ਐਸਾ ਸੋਚਣਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਡਿਆਈ ਤੇ ਸਵਾਲੀਆ ਚਿੰਨ੍ਹ ਲਗਾਉਣ ਤੋਂ ਘਟ ਨਹੀਂ ਹੈ ਜਿਸ ਤੋਂ ਸਾਨੂੰ ਸੰਕੋਚ ਹੀ ਕਰਨਾ ਚਾਹੀਦਾ ਹੈ।

ਗੁਰਬਾਣੀ ਅਗਾਧ ਬੋਧ ਹੈ। ਗੁਰਬਾਣੀ ਦੇ ਸਹੀ ਭਾਵ-ਅਰਥਾਂ ਨੂੰ ਤਾਂ ਸਤਿਗੁਰੂ ਜੀ ਆਪ ਹੀ ਜਾਣਦੇ ਹਨ। ਚੰਗਾ ਹੁੰਦਾ ਜੇਕਰ ਆਲੋਚਕ ਜੀ ਗੁਰਬਾਣੀ ਦੀਆਂ ਦਿੱਤੀਆਂ ਉਹਨਾਂ ਤੁਕਾਂ ਦਾ ਵਿਸਥਾਰ ਨਾਲ ਬਿਆਨ ਕਰ ਦਿੰਦੇ ਜਿਨ੍ਹਾਂ ਦੇ ਕਾਰਣ ਉਹਨਾਂ ਨੂੰ ਸਾਰਾ ਪ੍ਰਕਰਣ ਹੀ ਨਿਗੁਣਾ ਹੋ ਗਿਆ ਜਾਪਦਾ ਹੈ।

ਆਲੋਚਕ ਜੀ ਨੂੰ ਸਹਿਜ ਅਵਸਥਾ ਵਿੱਚ ਕੀਰਤਨ ਕਰਨ ਵਾਲੀ ਗੱਲ ਭੀ ਠੀਕ ਨਹੀਂ ਲੱਗੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਹਿਜ ਬਹੁਤ ਉੱਚੀ ਅਵਸਥਾ ਹੈ। ਅਸੀਂ ਤਾਂ ਉਪਰਾਲੇ ਕਰਨੇ ਹਨ, ਪ੍ਰਾਪਤੀ ਸਤਿਗੁਰੂ ਜੀ ਦੀ ਬਖਸ਼ਿਸ਼ ਤੇ ਹੀ ਛੱਡ ਦੇਣੀ ਹੈ। ਅੱਜ ਦੇ ਸਮੇਂ ਵਿੱਚ ਭੀ ਐਸੇ ਬੇਅੰਤ ਗੁਰੂ ਕੇ ਲਾਲ ਹਨ ਜੋ ਸਹਿਜ ਅਵਸਥਾ ਵਿੱਚ ਵਿਚਰਦੇ ਹਨ ਅਤੇ ਕੀਰਤਨ ਭੀ ਸਹਿਜ ਅਵਸਥਾ ਵਿੱਚ ਕਰਦੇ ਹਨ। ਅਜਿਹਾ ਲਿਖ ਕੇ ਲੇਖਿਕਾ ਨੇ ਮਸਲਾ ਸਹੇੜਨ ਵਾਲੀ ਗੱਲ ਕੋਈ ਨਹੀਂ ਕੀਤੀ।

ਨਸ਼ਾ ਮੁਕਤ ਹੋ ਕੇ ਕੀਰਤਨ ਕਰਨਾ, ਕੇਸੀ ਇਸ਼ਨਾਨ ਅਤੇ ਸਿਰ ਢਕ ਕੇ ਕੀਰਤਨ ਕਰਨਾ, ਗੁਰਮਤਿ ਦੇ ਸ਼ੁਭ ਗੁਣਾਂ ਦਾ ਇੱਕ ਹਿੱਸਾ ਜ਼ਰੂਰ ਹੈ, ਜੋ ਕਿ ਮੁਬਾਰਕ ਹੈ, ਪਰ ਇਹ ਗੁਣ ਅੰਮ੍ਰਿਤ ਦੀ ਪਵਿਤਰ ਦਾਤ ਦੀ ਜਗ੍ਹਾ ਬਿਲਕੁਲ ਨਹੀਂ ਲੈ ਸਕਦੇ। ਸਿੱਖ ਰਹਿਤ ਮਰਯਾਦਾ ਅਨੁਸਾਰ, ਸੰਗਤ ਵਿੱਚ ਕੀਰਤਨ ਕੇਵਲ ਸਿੱਖ ਹੀ ਕਰ ਸਕਦਾ ਹੈ, ਅਤੇ ਸਿੱਖ ਦੀ ਪਰੀਭਾਸ਼ਾ ਭੀ ਰਹਿਤ ਮਰਯਾਦਾ ਵਿੱਚ ਬਹੁਤ ਸਪੱਸ਼ਟ ਹੈ, ਆਪਣੇ ਲਈ ਕੀਰਤਨ ਕੋਈ ਭੀ ਕਰ ਸਕਦਾ ਹੈ, ਕਿਸੇ ਕਿਸਮ ਦੀ ਕੋਈ ਪਾਬੰਦੀ ਨਹੀਂ, ਪਰ ਉਪਦੇਸ਼ਟਾ ਗੁਰਮਤਿ ਦੇ ਗੁਣਾਂ ਬਿਹੂਨ ਸ਼ੋਭਦਾ ਨਹੀਂ।

ਆਲੋਚਕ ਜੀ ਨੂੰ ਗੁਰਮਤਿ ਦੀ ਕੋਈ ਗਲ ਭੀ ਫਬਦੀ ਦਿਖਾਈ ਨਹੀਂ ਦਿੰਦੀ। ਜ਼ਿਆਦਾ ਵਿਸਥਾਰ ਵਿੱਚ ਨਾ ਜਾਂਦਾ ਹੋਇਆ, ਹੇਠਾਂ ਲਿਖੇ ਵਿਅੰਗ ਅਤੇ ਟਿੱਚਰ ਮਈ ਆਲੋਚਨਾਂ ਦੇ ਸ਼ਬਦ ਉਹਨਾਂ ਦੇ ਆਪਣੇ ਹੀ ਅੱਖਰਾਂ

ਵਿੱਚ ਪਾਠਕਾਂ ਦੀ ਗਿਆਤ ਅਤੇ ਵਿਚਾਰ ਗੋਚਰੇ ਕਰਕੇ ਪ੍ਰਕਰਣ ਦੀ ਸਮਾਪਤੀ ਕਰਾਂਗਾ।

ੳ) ਅੱਜ ਗੁਰੂ ਘਰ ਦੇ ਕੀਰਤਨੀਆਂ ਨਾਲੋਂ, ਸਨਾਤਨੀ ਸਟੇਜਾਂ ਦੇ ਸੰਤ ਪ੍ਰਚਾਰਕ, ਗੁਰਬਾਣੀ ਨੂੰ ਜ਼ਿਆਦਾ ਹਰਮਨ ਪਿਆਰੀ ਬਣਾ ਰਹੇ ਹਨ।

ਅ) ਬਹੁਤੇ ਚੁਸਤ ਲੋਕਾਂ ਨੇ ਕੀਰਤਨ ਦਰਬਾਰਾਂ ਦੇ ਖਿਲਾਰੇ ਨਾਲ ਇਸ ਨੂੰ ਧੰਦਾ ਬਣਾ ਕੇ ਇੰਟਰਨੈਸ਼ਨਲ ਸੰਗਿਆ ਵਾਲੀਆਂ ਸੰਸਥਾਵਾਂ ਉਸਾਰ ਕੇ ਦੇਸ਼ ਵਿਦੇਸ਼ ਵਿੱਚ ਪਰ ਫੈਲਾਉਣ ਦੀ ਪਹਿਲ ਕਰ ਲਈ ਹੈ।

ੲ) ਅੱਜ ਦਾ ਗੰਭੀਰਤਾ ਰਹਿਤ ਮਾਹੌਲ ਹਰ ਕੀਰਤਨ ਦਰਬਾਰ ਨੂੰ ਰੰਗ ਤਮਾਸ਼ੇ ਦਾ ਮੇਲਾ ਹੀ ਬਣਾ ਦਿੰਦਾ ਹੈ।

ਸ) ਅੱਜ ਹਰਿਮੰਦਰ ਸਾਹਿਬ ਵਿੱਚ ਨਿਯੁਕਤ ਸਾਰੇ ਰਾਗੀ ਜਥੇ ਪੇਟੀ ਮਾਸਟਰ ਹਨ।

ਹ) ਅਕਾਲ ਚਲਾਣਾ ਕਰ ਚੁੱਕੇ ਇੱਕ ਕੀਰਤਨੀਏ ਨੂੰ ਖਾੜਕੂਆਂ ਦਾ ਖਾਜਾ ਦਸ ਕੇ ਅਤੇ ਉਹਨਾਂ ਦੇ ਅੰਤ ਕਾਲ ਬਾਰੇ ਕੁਝ ਵਧੇਰੇ ਜਾਨਣ ਦੀ ਇੱਛਾ ਭੰਡੀ ਪ੍ਰਚਾਰ ਹੀ ਕਿਹਾ ਜਾ ਸਕਦਾ ਹੈ। ਜਦ ਕਿ ਸਾਡੀ ਨਿੱਤ ਦੀ ਅਰਦਾਸ ਵਿੱਚ ਦੇਖ ਕੇ ਅਣਡਿਠ ਕਰਨ ਵਾਲਿਆਂ ਦੀ ਬਹੁਤ ਮਹੱਤਤਾ ਹੈ। ਅਜਿਹੇ ਸੱਜਣਾਂ ਨੂੰ ਯਾਦ ਕਰਕੇ ਵਾਹਿਗੁਰੂ ਚਿੱਤ ਆਉਂਦਾ ਹੈ।

ਵਾਹਿਗੁਰੂ ਸਾਨੂੰ ਸਭ ਨੂੰ ਸੁਮੱਤ ਬਖਸ਼ੇ।

- *ਕੁਲਦੀਪ ਸਿੰਘ ਮਤਵਾਲਾ*, 2225, ਸੈਕਟਰ 44-ਸੀ, ਚੰਡੀਗੜ੍ਹ

Your own web site

visit

**sikh.com.au**

(http://www.sikh.com.au)

For reviews, news and views.

*Contributions from the community are welcome.*

Please E-mail them to webmaster@sikh.com.au

Tune in

**GURBANI SANSAAR**

and listen to prime channel of

**www.musicdarbar.com**

Internet site entirely devoted to devotional music.

Soon releasing Cassettes and CDs under **GURBANI SANSAAR** series.

***Distributors from every town invited.***

Please e-mail : ec@vsnl.com

## ਤਿਨਾ ਧੰਨ ਜਣੇਦੀ ਮਾਉ

ਸੰਚਾਰ ਸਾਧਨਾ ਦੀ ਚਕਾਚੌਂਧ ਕਾਰਨ ਅੱਜ ਨੌਜੁਆਨਾਂ ਦਾ ਧਿਆਨ ਬਾਹਰਮੁਖੀ ਅਤੇ ਖਾਸ ਕਰਕੇ ਪੱਛਮ ਵੱਲ ਹੈ। ਸਫਲ ਹੋਣ ਲਈ, ਵੱਧ ਤੋਂ ਵੱਧ ਮਹੱਤਤਾ ਕੰਪਿਊਟਰ ਰਾਹੀਂ ਖੰਡ ਖੰਡ ਕੀਤੀ ਸ਼ਖਸੀਅਤ ਦੇ ਵੱਖ ਵੱਖ ਪੱਖਾਂ ਨੂੰ ਬਲਵਾਨ ਕਰਨ ਲਈ ਦਿੱਤੀ ਜਾ ਰਹੀ ਹੈ। ਇਸ ਕਾਰਨ ਅਸੀਂ ਆਪਣੀਆਂ ਜੜ੍ਹਾਂ ਵੱਲ ਝਾਕਣ ਦੀ ਲੋੜ ਨਹੀਂ ਸਮਝਦੇ। ਪਰ ਜ਼ਿੰਦਗੀ ਵਿੱਚ ਕਾਮਯਾਬੀ ਪ੍ਰਾਪਤ ਕਰਨ ਲਈ ਬਾਹਰੀ ਸਾਧਨ ਕੇਵਲ 15% ਰੋਲ ਅਦਾ ਕਰਦੇ ਹਨ। 85% ਮਨੁੱਖ ਦੇ ਦ੍ਰਿਸ਼ਟੀਕੋਣ ਉੱਤੇ ਨਿਰਭਰ ਕਰਦਾ ਹੈ। ਦ੍ਰਿਸ਼ਟੀਕੋਣ ਬਣਾਉਣ ਵਿੱਚ ਸੰਚਾਰ ਸਾਧਨ ਕੇਵਲ 10% ਰੋਲ ਅਦਾ ਕਰਦੇ ਹਨ। ਬਾਕੀ ਸਾਰਾ ਕੁਝ ਘਰ, ਸਕੂਲ, ਕੰਮ, ਸਭਿਆਚਾਰਿਕ ਪਿਛੋਕੜ, ਖੇਤਰੀ ਪਿਛੋਕੜ, ਧਾਰਮਿਕ ਪਿਛੋਕੜ, ਪਰੰਪਰਾਵਾਂ ਅਤੇ ਵਿਸ਼ਵਾਸ, ਸਮਾਜਕ ਆਲਾ ਦੁਆਲਾ, ਰਾਜਨੀਤਕ ਮਾਹੌਲ ਆਦਿ ਨਿਰਧਾਰਿਤ ਕਰਦੇ ਹਨ।

ਅਸੀਂ ਅਜੋਕੀ ਵਿੱਦਿਆ ਪ੍ਰਾਪਤ ਕਰਕੇ ਕਾਮਯਾਬੀ ਹਾਸਲ ਕਰਦੇ ਹਾਂ ਪਰ ਕਈ ਵਾਰ ਇਸ ਨਾਲ ਸੰਤੁਸ਼ਟੀ ਨਹੀਂ ਹੁੰਦੀ। ਵਿਗੋਚਾ ਜਿਹਾ ਬਣਿਆ ਰਹਿੰਦਾ ਹੈ। ਸਾਡੀ ਅਵਸਥਾ 'ਜਿਨ ਮਨ ਹੋਰ, ਮੁਖ ਹੋਰ' ਵਾਲੀ ਹੋ ਜਾਂਦੀ ਹੈ। ਇਸ ਲਈ ਜ਼ਰੂਰੀ ਹੈ ਕਿ ਅਸੀਂ ਆਪਣੀਆਂ ਜੜ੍ਹਾਂ ਨਾਲ ਜੁੜੇ ਰਹੀਏ। ਆਪਣੇ ਘਰ ਦੇ ਬੂਹੇ ਬਾਰੀਆਂ ਤਾਜ਼ੀ ਹਵਾ ਲਈ ਹੀ ਖੁਲ੍ਹੇ ਰੱਖੀਏ ਨਾ ਕਿ ਹਨੇਰੀ ਲਈ ਜੋ ਸਭ ਕੁਝ ਉਡਾ ਕੇ ਲੈ ਜਾਂਦੀ ਹੈ।

ਅਸੀਂ 'ਅੰਮ੍ਰਿਤ ਕੀਰਤਨ' ਵੱਲੋਂ ਆਪਣਿਆਂ ਬਜ਼ੁਰਗਾਂ ਨੂੰ ਯਾਦ ਕਰਨ ਅਤੇ ਉਹਨਾਂ ਨੂੰ ਸ਼ਰਧਾਂਜਲੀ ਦੇਣ ਦੇ ਜਤਨ ਇਸੇ ਕਰਕੇ ਕਰਦੇ ਰਹੇ ਹਾਂ ਕਿ ਅਸੀਂ ਉਹਨਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਕੁਝ ਸਾਰਥਕ ਕਾਰਜ ਕਰ ਸਕੀਏ। ਹੁਣ ਤਕ, ਪ੍ਰੋ. ਤਾਰਾ ਸਿੰਘ ਵਿਸ਼ੇਸ਼ ਅੰਕ, ਭਾਈ ਹੀਰਾ ਸਿੰਘ ਰਾਗੀ ਵਿਸ਼ੇਸ਼ ਅੰਕ, ਡਾਕਟਰ ਸਰਬ ਸਿੰਘ ਵਿਸ਼ੇਸ਼ ਅੰਕ, ਭਾਈ ਉੱਤਮ ਸਿੰਘ ਪਤੰਗ ਵਿਸ਼ੇਸ਼ ਅੰਕ ਅਤੇ ਪਿਛਲੇ ਮਹੀਨੇ ਪ੍ਰੋ. ਚਤਰ ਸਿੰਘ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰ ਚੁੱਕੇ ਹਾਂ। ਪੁਰਾਤਨ ਕੀਰਤਨੀਆਂ ਬਾਰੇ ਫੁਟਕਲ ਲੇਖ ਤਾਂ ਛਪਦੇ ਹੀ ਰਹਿੰਦੇ ਹਨ।

ਕੋਈ ਵੀ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰਨਾ ਕੇਵਲ ਸੰਪਾਦਕ ਦੇ ਵੱਸ ਦੀ ਗੱਲ ਨਹੀਂ। ਇਸ ਵਿੱਚ ਸੁਹਿਰਦ ਅਤੇ ਸਿਆਣੇ ਪਾਠਕਾਂ, ਲੇਖਕਾਂ ਅਤੇ ਵਿਸ਼ੇਸ਼ ਵਿਅਕਤੀ ਦੇ ਸੰਬੰਧੀਆਂ ਦਾ ਯੋਗਦਾਨ ਵਧੇਰੇ ਹੁੰਦਾ ਹੈ।

ਹਥਲਾ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰਨ ਲਈ ਸਮੱਗਰੀ ਜੁਟਾਉਣ ਵਿੱਚ ਡਾ. ਜਸਬੀਰ ਸਿੰਘ ਸਰਨਾ ਦਾ ਵਿਸ਼ੇਸ਼ ਯੋਗਦਾਨ ਹੈ। ਅਸਲ ਵਿੱਚ ਇਹ ਅੰਕ ਇਹਨਾਂ ਨੇ ਹੀ ਸੰਪਾਦਤ ਕੀਤਾ ਹੈ। ਡਾਕਟਰ ਜਸਬੀਰ ਸਿੰਘ ਸਰਨਾ ਨੇ ਜੰਮੂ ਕਸ਼ਮੀਰ ਦੇ ਕੀਰਤਨੀਆਂ, ਪ੍ਰਚਾਰਕਾਂ ਬਾਰੇ ਕਾਫੀ ਨਿੱਗਰ ਕੰਮ ਕੀਤਾ ਹੈ। ਮੈਂ ਇਹਨਾਂ ਦਾ ਬਹੁਤ ਬਹੁਤ ਧੰਨਵਾਦੀ ਹਾਂ ਜੋ ਇਹਨਾਂ ਨੇ ਆਪਣੇ ਪਿਤਾ ਜੀ ਪ੍ਰਤੀ ਸ਼ਰਧਾ ਅਤੇ ਲਗਨ ਨਾਲ ਇਹ ਕਾਰਜ ਕੀਤਾ ਹੈ। ਜਿੱਥੇ ਇਹ ਅੰਕ ਅਜੋਕੇ ਕੀਰਤਨੀਆਂ ਪ੍ਰਚਾਰਕਾਂ ਲਈ ਲਾਹੇਵੰਦ ਹੋਵੇਗਾ ਉੱਥੇ ਸਾਨੂੰ ਹੋਰ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰਨ ਲਈ ਪ੍ਰੇਰਨਾ ਦੇਵੇਗਾ।

ਅਸੀਂ ਅਜਿਹੇ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰਨ ਲਈ ਸਦਾ ਤਿਆਰ ਹਾਂ, ਬਸ ਤੁਹਾਡੇ ਸਹਿਯੋਗ ਦੀ ਲੋੜ ਹੈ।

# Don't Quit

When things go wrong
as they sometimes will,

When the road you're trudging
seems all uphill;

When the funds are low
and the debts are high;

And you want to smile,
but you have to sigh

When care is pressing you down
a bit ..........

Rest if you must,
but don't you quit.

Success is failure turned in side out,
the silver tint
of the clouds of doubt,

And you never can tell
how close you are,

It may be near when it seems afar,
So stick to the fight
when you're hardest hit ..........

It's when things go wrong,
that you must not quit.

**PAGE SPONSORED BY : AHUJA FAMILY**
C-353, Defence Colony New Delhi 110 024

ੴ ਵਾਹਿਗੁਰੂ ਜੀ ਕੀ ਫ਼ਤਹਿ॥

ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ ਜੀ

ਮੈਨੂੰ ਇਹ ਜਾਣ ਕੇ ਹਾਰਦਿਕ ਪ੍ਰਸੰਨਤਾ ਹੋਈ ਹੈ ਕਿ ਗਿਆਨੀ ਸੰਤ ਸਿੰਘ ਜੀ ਭਟਪੁਰੀ ਕਸ਼ਮੀਰ ਬਾਰੇ ਇੱਕ ਯਾਦਗਾਰੀ ਅੰਕ ਤਿਆਰ ਕੀਤਾ ਜਾ ਰਿਹਾ ਹੈ। ਇਸ ਕਾਰਜ ਨਾਲ ਜਿੱਥੇ ਗਿਆਨੀ ਸੰਤ ਸਿੰਘ ਜੀ ਦੇ ਜੀਵਨ-ਦਰਸ਼ਨ ਬਾਰੇ ਜਾਣਕਾਰੀ ਪ੍ਰਾਪਤ ਹੋਵੇਗੀ, ਉੱਥੇ ਪੰਜਾਬੀ ਸੂਬੇ ਦੇ ਮੋਰਚੇ ਸਬੰਧੀ ਵੀ ਵਡਮੁੱਲੀ ਜਾਣਕਾਰੀ ਪ੍ਰਾਪਤ ਹੋਵੇਗੀ। ਮੈਂ ਇਸ ਯਾਦਗਾਰੀ ਇਤਿਹਾਸਕ ਦਸਤਾਵੇਜ਼ ਲਈ ਆਪਣੀਆਂ ਸ਼ੁਭ ਇਛਾਵਾਂ ਭੇਜਣ ਦੀ ਖ਼ੁਸ਼ੀ ਪ੍ਰਾਪਤ ਕਰ ਰਿਹਾ ਹਾਂ!

ਗੁਰੂ ਪੰਥ ਦਾ ਦਾਸ
(ਗੁਰਚਰਨ ਸਿੰਘ ਟੌਹੜਾ)

**ਅਕਤੂਬਰ 31, 1994**

# ਬਾਬਾਣੀਆਂ ਕਹਾਣੀਆਂ, ਪੁਤ-ਸਪੁੱਤ ਕਰੇਨਿ

ਭਾਪਾ ਜੀ ਦੀ ਤਸਵੀਰ ਦੇਖਕੇ ਚਾਨਣ ਸੁਭਾਅ ਜਿਹਾ ਇੱਕ ਮੁੱਖੜਾ ਚੇਤਿਆਂ ਦੀ ਪਟਾਰੀ 'ਚੋਂ ਆਪ ਮੁਹਾਰੇ ਬਾਹਰ ਆ ਜਾਂਦਾ ਹੈ। ਜਦੋਂ ਵੀ ਕੋਈ ਗੁਰਸਿੱਖ. ਸਾਹਿਤਕਾਰ ਜਾਂ ਵਿਦਵਾਨ ਉਨ੍ਹਾਂ ਦਾ ਜ਼ਿਕਰ ਕਰਦਾ, ਉਨ੍ਹਾਂ ਦੇ ਗੁਣਾਂ ਦਾ ਗੁਲਦਸਤਾ ਖੋਲ੍ਹਦਾ ਤਾਂ ਮੇਰਾ ਸੀਸ ਉਹਨਾਂ ਦੀਆਂ ਕਥਨੀਆਂ ਅਤੇ ਕਰਨੀਆਂ ਅੱਗੇ ਝੁੱਕ ਜਾਂਦਾ।

1993 ਮਈ ਵਿੱਚ ਮੈਂ ਸੋਚਿਆ ਸੀ ਕਿ ਉਨ੍ਹਾਂ ਬਾਰੇ ਕੁੱਝ ਲਿਖਿਆ ਜਾਏ ਅਤੇ ਉਨ੍ਹਾਂ ਦੇ ਸ਼ੁਭ ਚਿੰਤਕਾਂ ਪਾਸੋਂ ਲੇਖ ਆਦਿ ਇਕੱਠੇ ਕਰਾਂ। ਪਰ ਦਾਸ ਦੇ ਕਈ ਪ੍ਰੋਜੈਕਟਾਂ ਵਿੱਚ ਮਸਰੂਫ, ਹੋਣ ਕਾਰਨ ਇਹ ਕੰਮ ਅਧੂਰਾ ਹੀ ਰਹਿ ਗਿਆ। ਭਾਪਾ ਜੀ ਦਾ ਘੇਰਾ ਬਹੁਤ ਵਿਸ਼ਾਲ ਸੀ। ਉਨ੍ਹਾਂ ਦੇ ਜੀਵਨ ਬਾਰੇ ਬਹੁਤੀਆਂ ਘਟਨਾਵਾਂ ਸੂਝਵਾਨ ਗੁਰਸਿੱਖਾਂ, ਨੇਤਾਵਾਂ ਅਤੇ ਆਮ ਵਿਅਕਤੀਆਂ ਦੇ ਚੇਤਿਆਂ ਦੀ ਟੋਕਰੀ ਵਿੱਚ ਸਾਂਭੀਆਂ ਹੋਈਆਂ ਹਨ ਜੋ ਵਾਦੀਏ ਕਸ਼ਮੀਰ ਦੀ ਔਰਲ (oral) ਸਿੱਖ ਇਤਿਹਾਸ ਦਾ ਇੱਕ ਸਫਾ ਵੀ ਹੈ। ਭਾਪਾ ਜੀ ਦੇ ਵਾਕਫ਼ਾਂ, ਪ੍ਰਸ਼ੰਸਕਾਂ ਅਤੇ ਗੁਰਮੁਖਾਂ ਦੀ ਸੂਚੀ ਤਿਆਰ ਕਰਕੇ ਉਨ੍ਹਾਂ ਨੂੰ ਕੁਝ ਯਾਦਾਂ ਲਿਖਣ ਲਈ ਚਿੱਠੀਆਂ/ਸੁਨੇਹੇ ਭੇਜੇ। ਜੋ ਲਿਖਤਾਂ ਪੁੱਜੀਆਂ ਹਨ ਉਹ ਮੈਂ ਉਵੇਂ ਹੀ ਛਾਪ ਰਿਹਾ ਹਾਂ। ਲਿਖਤਾਂ ਇਕੱਠੀਆਂ ਕਰਨੀਆਂ ਬਹੁਤ ਕਠਨ ਕਾਰਜ ਹੈ।

ਇਸ ਵਿਸ਼ੇਸ਼ ਯਾਦਗਾਰੀ ਅੰਕ ਵਿੱਚ ਲੇਖਾਂ ਅਤੇ ਕਵਿਤਾਵਾਂ ਨੂੰ 'ਯਾਦਾਂ ਦੀ ਖੁਸ਼ਬੂ' ਨਾਂ ਦਿੱਤਾ ਹੈ ਅਤੇ ਦੂਜੇ ਜ਼ੁਮਰੇ ਵਿੱਚ 'ਅਕੀਦਤੇ ਪ੍ਰੈਸ' ਅਤੇ ਤੀਜੇ ਜ਼ੁਮਰੇ ਵਿੱਚ 'ਕਲਮਾਂ ਦੀ ਖ਼ੁਸ਼ਬੂ' ਨਾਂ ਰੱਖਿਆ ਹੈ। ਭਾਪਾ ਜੀ ਦੇ ਪੰਜਾਬੀ ਸੂਬੇ ਬਾਰੇ ਘਾਲੀ ਘਾਲਣਾਂ ਦੇ ਅਕਸ ਨੂੰ ਭਾਵੇਂ ਸਹੀ ਢੰਗ ਨਾਲ ਉੱਜਾਗਰ ਨਹੀਂ ਕੀਤਾ ਗਿਆ ਪਰ ਮੈਨੂੰ ਉਮੀਦ ਹੈ ਸ੍. ਸੰਤ ਸਿੰਘ ਤੇਗ ਅਤੇ ਹੋਰ ਗੁਰਸਿੱਖ, ਇਸ ਬਾਰੇ ਨੇੜੇ ਭਵਿੱਖ ਵਿੱਚ ਜ਼ਰੂਰ ਕੁੱਝ ਲਿਖ ਕੇ 'ਯਾਦਾਂ' ਨੂੰ ਸਾਂਭਣਗੇ।

ਅੰਤ ਵਿੱਚ ਸ੍. ਗੁਰਚਰਨ ਸਿੰਘ ਟੌਹੜਾ ਜੀ ਦਾ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਆਪਣੀ ਪ੍ਰਧਾਨਗੀ ਸਮੇਂ 'ਸੰਦੇਸ਼' ਭੇਜ ਕੇ ਧੰਨਵਾਦੀ ਬਣਾਇਆ। ਮੈਂ ਸਾਰੇ ਕਲਮਕਾਰਾਂ ਅਤੇ ਗੁਰਸਿੱਖਾਂ ਦਾ ਰਿਣੀ ਹਾਂ ਜਿਨ੍ਹਾਂ ਸਮਾਂ ਕੱਢ ਕੇ ਭਾਪਾ ਜੀ ਬਾਰੇ ਲਿਖਿਆ ਹੈ। ਡਾ. ਜਾਗੀਰ ਸਿੰਘ ਅਤੇ 'ਅੰਮ੍ਰਿਤ ਕੀਰਤਨ ਟ੍ਰਸਟ' ਦਾ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਆਪਣੇ ਪ੍ਰਸਿੱਧ ਮਾਸਕ ਪੱਤਰ 'ਅੰਮ੍ਰਿਤ ਕੀਰਤਨ' ਦਾ ਵਿਸ਼ੇਸ਼ ਅੰਕ ਛਾਪਿਆ। ਭਾਪਾ ਜੀ ਬਾਰੇ ਇਹ ਹੀ ਆਖਾਂਗਾ-

ਛੁਪ ਗਿਆ ਚਾਂਦ ਮਗਰ ਹੈ ਅਭੀ ਹਾਲਾ ਬਾਕੀ।
ਸ਼ਮ੍ਹਾ ਬਾਕੀ ਨਹੀਂ ਲੇਕਿਨ ਹੈ ਉੱਜਾਲਾ ਬਾਕੀ।

ਡਾ. ਜਸਬੀਰ ਸਿੰਘ ਸਰਨਾ
ਨੇੜੇ ਸੁਪਰ ਬਾਜ਼ਾਰ, ਬਾਰਾਮੂਲਾ (ਕਸ਼ਮੀਰ)

# ਯਾਦਾਂ ਦੇ ਝਰੋਖੇ ਚੋਂ

ਡਾ. ਜੁਗਿੰਦਰ ਸਿੰਘ (ਸ਼ਾਨ ਕਸ਼ਮੀਰੀ)

ਇੱਕ ਮੰਨੀ ਹੋਈ ਇਤਿਹਾਸਕ ਗੱਲ ਹੈ ਕਿ ਆਮ ਕਰਕੇ ਗੁਰਸਿੰਘਾਂ ਦੇ ਦਰਸ਼ਨ ਗੁਰਧਾਮਾਂ ਅਤੇ ਗੁਰੂ ਘਰਾਂ ਵਿੱਚ ਹੀ ਹੁੰਦੇ ਹਨ! ਵੀਹਵੀਂ ਸਦੀ ਸੰ: 2008 ਬਿਕਰਮੀ ਮਹੀਨਾ ਕੱਤਕ ਜਦ ਕਬਾਇਲੀਆਂ ਇਸ ਹਸੀਨ ਵਾਦੀ ਤੇਹਮਲਾ ਕੀਤਾ ਤਾਂ ਸਿੰਘ ਸ਼ੇਰਾਂ ਵਾਂਗ ਨੀਂਦ ਵਿੱਚ ਸੁੱਤੇ ਪਏ ਸਨ ਪਰ ਜੋ ਭਾਣਾ ਵਾਹਿਗੁਰੂ ਨੇ ਵਰਤਾਣਾ ਸੀ ਵਰਤ ਗਿਆ ਤੇ ਸਾਡੇ ਕਈ ਬਜ਼ੁਰਗ ਵੀਰ ਤੇ ਮਾਤਾਵਾਂ ਅਤੇ ਭੈਣਾਂ ਕੌਮ ਦੀ ਲਾਜ ਰੱਖ, ਕਿਸ਼ਨ ਗੰਗਾ ਵਿੱਚ ਛਾਲਾਂ. ਮਾਰ, ਡੱਟ ਕੇ ਮੁਕਾਬਲਾ ਕਰਦੇ ਹੋਏ ਬਾਰਾਮੂਲਾ, ਬਲਗਾਮ ਛੂਰਾ, ਅਤਨਾ, ਇਛਾਗਮੇਂ, ਕਾਨਾਹਾਮਾ ਆਦਿ ਥਾਵਾਂ ਤੇ ਸ਼ਹੀਦ ਹੋ ਗਏ!

ਤਗਲ ਦੀ ਵਾਦੀ (ਪਰਗਣਾਂ ਤਗਲ-ਪੁਲਵਾਗੇ ਦੇ ਕੁੱਝ ਪਿੰਡਾਂ ਸਮੇਤ) ਦੇ ਸਿੰਘ ਭਾਵੇਂ ਕਾਫ਼ੀ ਭੈਅਭੀਤ ਹੋਏ ਪਰ ਵਾਹਿਗੁਰੂ ਤੇ ਭਰੋਸਾ ਰੱਖ ਡਟੇ ਰਹੇ। ਪਰ ਸ਼ਹਾਦਤਾਂ ਦਾ ਕਾਫ਼ੀ ਦੁੱਖ ਸੀ। ਉਨ੍ਹਾਂ ਦਿਨਾਂ ਸ: ਲਾਲ ਸਿੰਘ ਛਤਰੂਗਾਮ, ਸ. ਧੰਨਾ ਸਿੰਘ ਛਤਰੂਗਾਮ, ਸ. ਊਧਮ ਸਿੰਘ ਮੁੰਹ, ਸ. ਸੰਨਮੁਖ ਸਿੰਘ ਜ਼ੈਲਦਾਰ, ਸ. ਅਮਰ ਸਿੰਘ ਗਾਮੇਮਜ, ਅਕਾਲੀ ਰਵੇਲ ਸਿੰਘ, ਸ. ਆਯਾ ਸਿੰਘ ਨੰਬਰਦਾਰ ਮਲਪੁਰਾ ਆਦਿ ਬੜੇ ਸਰਗਰਮ ਸਨ। ਇਨ੍ਹਾਂ ਸਾਰੀ ਵਿਥਿਆ ਸੁਣਨ ਲਈ ਤੇ ਸਿੰਘਾਂ ਅਤੇ ਨੌਜਵਾਨਾਂ ਤੱਕ ਪਹੁੰਚਣ ਲਈ ਇੱਕ ਇਕੱਠ ਪੂਹ ਸੁਦੀ ਸਤਮੀ ਸੰਮਤ 2008 ਨੂੰ ਪਿੰਡ ਛਤਰੂਗਾਮ (ਜੋ ਲੋਕਲ ਸਿੰਘਾਂ ਦਾ ਹੀ ਪਿੰਡ ਹੈ) ਵਿੱਚ ਭਾਰੀ ਇਕੱਠ ਕੀਤਾ। ਇਸ ਇਕੱਠ ਵਿੱਚ ਗਿ: ਈਸ਼ਰ ਸਿੰਘ ਬਖਸ਼, ਸੰਤ ਸਿੰਘ ਭਟਪੁਰੀ ਅਤੇ ਭਾਈ ਸਾਧੂ ਸਿੰਘ ਨਿਹੰਗ ਆਏ ਸਨ। ਆਪ ਜੀ ਨੇ ਬੜੇ ਹੀ ਪਿਆਰੇ ਮਨ ਖਿੱਚਵੇਂ ਅੰਦਾਜ਼ ਵਿੱਚ ਇਹ ਕਵਿਤਾ ਸੰਗਤਾਂ ਅੱਗੇ ਰੱਖੀ "ਤੂੰ ਸੁਵਲੇ ਸਿੰਘ ਦਸ਼ਮੇਸ਼ ਦੇ ਤੈਨੂੰ ਦੇਵਾਂ ਮੈਂ ਕੂਕ ਸੁਣਾਂ" ਸੰਗਤਾਂ ਦਾ ਗਲਾ ਭਰ ਆਇਆ ਜਦੋਂ ਇੱਕ ਖਾਸ ਅੰਦਾਜ਼ ਤੇ ਤਰਜ਼ ਵਿੱਚ ਭਟਪੁਰੀ ਸਾਹਿਬ ਨੇ ਇਹ ਕਵਿਤਾ ਸੁਣਾਈ। ਮੈਂ ਉਨ੍ਹਾਂ ਦਿਨਾਂ ਵਿੱਚ ਦਸਵੀਂ ਜਮਾਤ ਵਿੱਚ ਪੜ੍ਹਦਾ ਸਾਂ। ਗਿਆਨੀ ਜੀ ਦਾ ਸੁੰਦਰ ਚਿਹਰਾ, ਗੋਲ ਮੋਟੀਆਂ, ਸ਼ੇਰਵਾਂਗ ਅੱਖਾਂ ਤੇ ਸ਼ੇਰ ਵਾਂਗ ਮੁੱਛਾਂ, ਸਫ਼ੇਦ ਕਪੜੇ, ਚੂੜੀਦਾਰ ਪੋਜਾਮਾ, ਖਾਲਸਾ ਦਰਬਾਰੀ ਪੱਗ, ਪੂਰੇ ਜਵਾਨੀ ਦੇ ਜੋਬਨ ਤੇ। ਅੱਖਾਂ ਬਿਲਕੁਲ ਸ਼ੇਰਾਂ ਵਾਂਗ ਬਲਦੀਆਂ ਸਨ। ਸੰਗਤਾਂ ਪ੍ਰੇਰਨਾ ਕੀਤੀ ਕਿ ਇਸ ਕਵਿਤਾ ਨੂੰ ਛਪਾਇਆ ਜਾਵੇ ਤਾਂ ਜੋ ਇਹ ਸਰਮਾਇਆ ਕੌਮ ਕੋਲ ਮੌਜੂਦ ਹੋਵੇ। ਕੁਝ ਸਮੇਂ ਦੇ ਬਾਅਦ ਇੱਕ ਟ੍ਰੈਕਟ (Booklet) ਦੀ ਸੂਰਤ ਵਿੱਚ ਛਪ ਗਿਆ। ਪਹਿਲੇ ਸਫੇ ਤੇ ਸੰਤ ਕਿਸ਼ਨ ਸਿੰਘ ਗੁਫਾਵਾਲੇ ਦੀ ਤਸਵੀਰ ਹੈ ਜੋ ਗੁਫਾ ਨੂੰ ਅੱਗ ਲਗਣ ਤੇ ਸ਼ਹੀਦ ਹੋਏ। ਇਸ ਕਿਤਾਬ ਦਾ ਸਿਰਲੇਖ ਇਸ ਪ੍ਰਕਾਰ ਸੀ।

## 'ਕਸ਼ਮੀਰ ਵਿੱਚ ਹੋਏ ਖੂਨੀ ਘਲੂਘਾਰੇ ਦੀ ਸੱਦ'

ਰਾਗੀ ਸੰਤ ਸਿੰਘ ਭਟਪੁਰਾ

ਲੇਖਕ: ਗਿਆਨੀ ਈਸ਼ਰ ਸਿੰਘ ਬਖਸ਼, ਮਾਸਟਰ, ਬੀ. ਈ. ਸੀ. ਪਿੰਡ ਖਾਦਨਿਆਰ (ਊਨੀ)
ਜਿਲ੍ਹਾ ਮੁਜ਼ਫਰਾਬਾਦ ਕਸ਼ਮੀਰ

ਗਿਆਨੀ ਸੰਤ ਸਿੰਘ ਭਟਪੁਰੀ ਦਾ ਜੀਵਨ ਦੇ ਪਹਿਲੇ ਪੜਾ ਤੇ ਇਹ ਮੇਰਾ ਉਨ੍ਹਾਂ ਦਾ ਪਹਿਲਾ ਦਰਸ਼ਨ-ਦੀਦਾਰ ਸੀ। ਹੈਰਾਨਗੀ ਦੀ ਹੱਦ ਸੀ ਕਿ ਇਸ ਜਵਾਨੀ ਵਿੱਚ ਕਿਤਨੇ ਸੂਰਬੀਰ ਖੁਲੀ-ਦਾੜ੍ਹੀ ਜੋ ਸਾਰੀ ਉਮਰ ਤੱਕ ਖੁਲੀ ਹੀ ਰਹੀ ਤੇ ਅੱਖਾਂ ਫੇਰਦਿਆਂ ਲਗਦਾ ਸ਼ਾਇਦ ਹੁਣ ਝਪਟੇ ਸ਼ੇਰ ਵਾਂਗ। ਪਰ ਇਨ੍ਹਾਂ ਦੀ ਝਪੱਟ ਜ਼ਰੂਰ ਸੀ ਪੰਥ ਲਈ, ਮਰਿਆਯਦਾ ਲਈ, ਨਿੱਤਨੇਮ ਲਈ, ਸਿੱਖੀ ਜੀਵਨ ਲਈ, ਰਹਿਣੀ ਤੇ ਬਹਿਣੀ ਲਈ। ਦੀਵਾਨ ਵਿੱਚ ਮੈਂ ਵੀ ਆਪਣੇ ਹੀ ਅੰਦਾਜ਼ ਵਿੱਚ ਦਸ਼ਮੇਸ਼ ਗੁਰੂ ਬਾਰੇ ਇੱਕ ਕਵਿਤਾ ਪੜ੍ਹੀ। ਭਟਪੁਰੀ ਜੀ ਮੇਰੇ ਵੱਲ ਵੇਖਦੇ ਰਹੇ ਤੇ ਮੈਨੂੰ ਡਰ ਲੱਗਦਾ ਹੀ ਰਿਹਾ। ਸ਼ਾਇਦ ਮੈਂ ਕੁਝ ਗਲਤ ਪੜ੍ਹਿਆ ਹੈ ਪਰ ਗਲ ਕੁਝ ਹੋਰ ਸੀ। ਉਹ ਮੈਨੂੰ ਜਾਣਨਾ ਚਾਹੁੰਦੇ ਸਨ। ਮੈਂ ਕਿਸ ਦਾ ਮੁੰਡਾ ਹਾਂ ਕਿੱਥੇ ਰਹਿੰਦਾ ਹਾਂ। ਦੀਵਾਨ ਸਮਾਪਤ ਹੋਇਆ ਤਾਂ ਮੈਂ ਤੁਰ

ਗਿਆ। ਮੈਨੂੰ ਕਲ੍ਹ ਦਾ ਪਤਾ ਨਹੀਂ ਸੀ ਕਿ ਅਗਲੀ ਮੁਲਾਕਾਤ ਇਨ੍ਹਾਂ ਨਾਲ ਕਿੱਥੇ ਹੋਣੀ ਹੈ। ਮੈਂ ਮੈਟ੍ਰਿਕ ਦੀ ਪ੍ਰੀਖਿਆ ਪਾਸ ਕੀਤੀ ਤੇ ਕੁੱਝ ਸਮਾਂ ਬੀਤਣ ਦੇ ਬਾਅਦ ਜੁਲਾਈ 1955 ਬਾਰਾਮੂਲਾ ਹੀ ਪਿੰਡ ਉਪਲਨਾ ਵਿੱਚ ਅਧਿਆਪਕ ਲੱਗ ਗਿਆ। ਮੈਨੂੰ ਕਲਮਪੁਰਾ (ਸਿੰਘਪੁਰਾ) ਇੱਕ ਔਸਰ ਮਿਲਿਆ ਤੇ ਸੰਗਤਾਂ ਨਾਲ ਕੁੱਝ ਵਿਚਾਰ ਸਾਂਝੇ ਕੀਤੇ। ਭਟਪੁਰੀ ਸਾਹਿਬ ਉਥੇ ਮੌਜੂਦ ਸਨ, ਉਨ੍ਹਾਂ ਕੀਰਤਨ ਕੀਤਾ। ਦੀਵਾਨ ਦੀ ਸਮਾਪਤੀ ਹੋਣ ਉਪਰੰਤ ਗਿਆਨੀ ਜੀ ਆਪਣੇ ਅੰਦਾਜ਼ ਵਿੱਚ (ਅਗਸਤ 1955 ਦਾ ਮਹੀਨਾ ਸੀ) ਸਾਰਿਆਂ ਨੂੰ ਗੁਰੂ ਰਾਖਾ ਕਹਿੰਦੇ ਮੇਰੇ ਵੱਲ ਆ ਰਹੇ ਸਨ, ਮੈਂ ਫਿਰ ਘਬਰਾ ਗਿਆ ਪਤਾ ਨਹੀਂ ਕੀ ਕਹਿਣਾ ਚਾਹੁੰਦੇ ਹਨ। "ਵੀਰ, ਕਿਸ ਪਿੰਡ ਦੇ ਵਾਸੀ ਤੇ ਕਿਸ ਦੇ ਪੁੱਤਰ ਹੋ? ਇੱਥੇ ਕਿੰਝ ਆਏ ਹੋ? ਮੈਂ ਛਤਰੂਗਾਮ ਤੁਹਾਡੀ ਕਵਿਤਾ ਸੁਣੀ ਸੀ।" ਮੈਂ ਸਾਰੇ ਪ੍ਰਸ਼ਨਾਂ ਦਾ ਉੱਤਰ ਦਿੱਤਾ ਤੇ ਉਹ ਸ਼ਾਂਤ-ਸੁਭਾਓ ਨਾਲ ਸੁਣਦੇ ਰਹੇ। ਮੇਰੇ ਮੋਢੇ ਤੇ ਹੱਥ ਰੱਖ ਕੇ ਬੋਲੇ, "ਮੈਨੂੰ ਬੜੀ ਖੁਸ਼ੀ ਹੋਈ ਹੈ ਤੁਸੀਂ ਲਿਖੋ, ਹੋਰ ਲਿਖੋ। ਇਤਿਹਾਸ ਪੜ੍ਹੋ ਤਾਂ ਲੋਕਾਂ ਨੂੰ ਸੁਣਾਉ ਕੌਮ ਦੀ ਸੇਵਾ ਕਰੋ, ਵਾਹਿਗੁਰੂ ਤੁਹਾਡੇ ਅੰਗ ਸੰਗ ਹੈ।" ਹੌਲੀ ਹੌਲੀ ਗਿਆਨੀ ਜੀ ਨਾਲ ਮੇਰੇ ਕਾਫ਼ੀ ਨੇੜੇ ਦੇ ਸੰਬੰਧ ਹੋ ਗਏ ਤੇ 7-12-1956 ਨੂੰ ਇਨ੍ਹਾਂ ਹੀ ਮੇਰੀਆਂ ਲਾਵਾਂ (ਅਨੰਦ ਕਾਰਜ) ਕੀਤੀਆਂ ਉਸ ਦੇਵੀ ਦੇ ਸੰਗ ਜੋ ਸੱਚਮੁੱਚ 30-6-1995 ਦੀ ਸਵੇਰ ਤੱਕ ਸਾਥ ਦੇ ਕੇ ਸਦਾ ਲਈ ਸੁਸ਼ੀਲ ਕੌਰ ਹੋ ਉਡਾਰੀ ਮਾਰ ਗਈ। ਭਟਪੁਰੀ ਸਾਹਿਬ ਤੋਂ ਭਾਵੇਂ ਬਾਅਦ ਹੀ। ਭਟਪੁਰੀ ਸਾਹਿਬ ਦੇ ਬੋਲਾਂ ਤੇ ਉਨ੍ਹਾਂ ਨਾਲ ਕੀਤੇ ਵਚਨਾਂ ਅਨੁਸਾਰ ਅੱਜ ਤੱਕ ਜੀ ਰਿਹਾ ਹਾਂ।

ਗਿਆਨੀ ਜੀ ਹਰ ਕੌਮੀ ਸੰਘਰਸ਼ ਵਿੱਚ ਅੱਗੇ ਰਹੇ। ਭਾਵੇਂ ਅਕਾਲੀ-ਕਾਨਫਰੰਸਾਂ ਸਨ ਜਾਂ ਗੁਰਦੁਆਰਿਆਂ ਦਾ ਸੰਘਰਸ਼। ਇਨ੍ਹਾਂ ਦੇ ਉੱਚੇ ਅਤੇ ਸੁੱਚੇ ਜੀਵਨ ਦਾ ਜੀਵੰਦਾ ਜਾਗਦਾ ਪ੍ਰਤੱਖ ਸਬੂਤ ਜਸਬੀਰ ਸਿੰਘ ਸਰਨਾ, ਕੀਰਤ ਸਿੰਘ ਇਨਕਲਾਬੀ, ਵੀਰ ਸ੍ਰ. ਹਰਭਜਨ ਸਿੰਘ ਇੰਜੀਨੀਅਰ ਹਨ। ਜਦੋਂ ਵੀ ਭਟਪੁਰੀ ਸਾਹਿਬ ਗੱਲ ਕਰਦੇ, ਗੱਲ ਕੌਮ ਦੀ ਭਲਾਈ ਲਈ, ਪੰਥ ਲਈ, ਧਰਮ ਲਈ ਹੀ ਗੱਲ ਹੁੰਦੀ। ਇੱਕ ਉੱਘੇ ਪ੍ਰਚਾਰ ਦੀ ਲੋੜ ਨੂੰ ਇਨ੍ਹਾਂ ਨੇ ਵਾਦੀ ਵਿੱਚ ਪੂਰਾ ਕੀਤਾ। ਖਾਦਨਿਆਰ ਉੜੀ ਤੋਂ ਲੈ ਕੇ ਤਗਲ ਦਿਆਂ ਪਿੰਡਾਂ ਤੇ ਦੂਜੇ ਪਾਸੇ ਬਡਗਾਮ ਅਤੇ ਅਨੰਤਨਾਗ ਤੱਕ ਉਹ ਪ੍ਰਚਾਰ ਕਰਦੇ ਰਹੇ। ਉਨ੍ਹਾਂ ਦੀਆ ਘਾਲਾਂ ਕੌਮ ਦਾ ਵਿਰਸਾ ਹੈ। ਉਨ੍ਹਾਂ ਦੇ ਪਾਏ ਪੂਰਨੇ ਨੌਜਵਾਨ ਪੀੜ੍ਹੀ ਲਈ ਮੀਲ ਪੱਥਰ ਹਨ। ਇੱਕ ਪੂਰਨ ਗੁਰਸਿੱਖ, ਬਾਣੀ ਦੇ ਰਸੀਏ, ਇੱਕ ਬੁਲਾਰੇ, ਇੱਕ ਸੁਚੱਜੇ ਕੀਰਤਨੀਏ ਦੇ ਤੌਰ ਤੇ ਆਪਣਾ ਜੀਵਨ ਬਤੀਤ ਕੀਤਾ। ਕੌਮ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਕਦੀ ਭੁਲ ਨਹੀਂ ਸਕੇਗੀ।

ਜੁਦਾਈ ਐਸੈ ਜਖ਼ਮ ਹਨ ਜਿਨ੍ਹਾਂ ਦੀ ਮਰਹਮ ਨਹੀਂ
ਯਾਦਾਂ ਐਸੇ ਖਜ਼ਾਨੇ ਹਨ ਜੋ ਚੋਰੀ ਨਹੀਂ ਹੋ ਸਕਦੇ।

## ਰੋਸ਼ਨ-ਮੁਨਾਰਾ ਗਿ: ਸੰਤ ਸਿੰਘ ਜੀ ਭਟਪੁਰੀ

ਪ੍ਰੋ. ਬੀਕਮ ਸਿੰਘ ਰਾਹੀ
ਐਮ. ਏ. (ਪੰਜਾਬੀ, ਹਿਸਟਰੀ), ਬੀ. ਐਡ.
ਪਿੰਡ: ਪਾਤੂਸਾ (ਰਫ਼ੀਆਬਾਦ), ਬਾਰਾਮੂਲਾ-ਕਸ਼ਮੀਰ

ਗਿਆਨੀ ਸੰਤ ਸਿੰਘ ਜੀ ਭਟਪੁਰੀ ਜੋ ਅਜ ਤਨ ਕਰਕੇ ਸਾਡੇ ਵਿੱਚ ਨਹੀਂ ਹਨ ਪਰ ਆਪਣੀਆਂ ਸ਼ੁਭ ਯਾਦਾਂ, ਨੇਕ ਕਰਣੀਆਂ, ਗੁਣਾਂ ਕਾਰਨ ਸਦਾ ਸੇਧ ਦੇਂਦੇ ਰਹਿਣਗੇ। ਗਿਆਨੀ ਸੰਤ ਸਿੰਘ ਜੀ ਨੂੰ 'ਭਟਪੁਰੀ' ਨਾਂ ਨਾਲ ਸੰਬੋਧਨ ਕੀਤਾ ਜਾਂਦਾ ਸੀ ਜੋ ਉਨ੍ਹਾਂ ਦਾ ਪਿਤਾ ਪੁਰਖਾਂ ਦਾ ਵਸਾਇਆ ਪਿੰਡ ਹੈ। ਗਿਆਨੀ ਜੀ ਨੂੰ ਪੂਰੀ ਤਰ੍ਹਾਂ ਕਸ਼ਮੀਰ ਘਲੂਘਾਰੇ ਉਪਰੰਤ ਵੇਖਿਆ, ਸੁਣਿਆ ਤੇ ਸਤਿਕਾਰਿਆ। ਭਟਪੁਰੀ ਜੀ ਹਰ ਪੱਖੋਂ ਪਰਪੱਕ ਗੁਰਸਿੱਖ, ਸਮਾਜ ਸੁਧਾਰਕ, ਬਲਵਾਨ ਰਹਿਬਰ, ਹਮਦਰਦ, ਸੱਚੇ ਮਿੱਤਰ, ਧਰਮ ਪ੍ਰਚਾਰਕ, ਕਿਰਤੀ ਕਾਮੇਂ ਤੇ ਅਕਾਲੀ ਲਹਿਰ ਦੇ ਸੇਵਾਦਾਰ ਨੇਤਾ ਵਜੋਂ ਅਣਮਿਟੀਆਂ ਯਾਦਾਂ ਚੱਪੇ ਚੱਪੇ ਤੇ ਬਿਖੇਰ ਗਏ ਹਨ। ਇਸ ਲੇਖ ਵਿੱਚ ਮੈਂ ਕੋਈ ਪੰਜ ਦਹਾਕਿਆਂ ਵਿੱਚ ਉਨ੍ਹਾਂ ਨੂੰ ਵੇਖਿਆ ਤੇ ਉਨ੍ਹਾਂ ਪਾਸੋਂ ਜੋ ਪ੍ਰਾਪਤ ਕੀਤਾ ਆਪਣੇ ਪਾਠਕਾਂ ਤੱਕ ਪਹੁੰਚਾਣ ਦਾ ਨਿਮਾਣਾ ਜਿਹਾ ਯਤਨ ਕਰ ਰਿਹਾ ਹਾਂ।

(ੳ) ਭਟਪੁਰੀ ਇੱਕ ਕ੍ਰਿਤੀ : ਸੰਸਾਰ ਵਿੱਚ ਕ੍ਰਿਤ ਨੂੰ ਉੱਤਮ ਮੰਨਿਆ ਗਿਆ ਹੈ ਪਰ ਵਿਸ਼ੇਸ਼ ਤੌਰ ਤੇ ਸਿੱਖ ਧਰਮ ਵਿੱਚ ਕ੍ਰਿਤ ਨੂੰ ਉੱਤਮ ਦਰਜਾ ਮਿਲਿਆ ਹੈ। ਭਟਪੁਰੀ ਜੀ ਹਮੇਸ਼ਾਂ ਆਪਣੇ ਹੱਥੀਂ ਕ੍ਰਿਤ ਕਰਦੇ ਵੇਖੇ ਗਏ, ਖੇਤੀ, ਬਾਗ ਵਿੱਚ ਜਾਂ ਬਗੀਚੀ ਵਿੱਚ ਖੁਸ਼ੀ-ਖੁਸ਼ੀ ਲੱਗੇ ਰਹਿੰਦੇ। ਇਹੋ ਹੀ ਕਾਰਨ ਸੀ ਕਿ ਸੰਤਾਲੀ ਦੇ ਉਜਾੜੇ ਉਪਰੰਤ ਉਨ੍ਹਾਂ 'ਭਟਪੁਰਾ' ਪਿੰਡ ਵਿੱਚ ਮੁੜ ਸ਼ਾਨਦਾਰ ਕੋਠੀ ਉਸਾਰੀ ਜਿਹੜੀ ਆਪਣੀ ਮਿਸਾਲ ਆਪ ਸੀ। ਮੈਂ ਜਦ ਵੀ ਉਨ੍ਹਾਂ ਨੂੰ ਵੇਖਿਆ ਕ੍ਰਿਤ ਕਰਦਿਆਂ ਜਾਂ ਨਾਮ-ਸਿਮਰਨ ਵਿੱਚ ਜੁੜਿਆ ਵੇਖਿਆ, ਉਹ ਵੇਹਲੜ ਲੋਕਾਂ ਨੂੰ ਪਸੰਦ ਨਹੀਂ ਸਨ ਕਰਦੇ, ਇਸੇ ਲਈ ਮੇਰਾ ਉਨ੍ਹਾਂ ਨਾਲ ਪਿਆਰ ਪਿਆ ਤੇ ਉਨ੍ਹਾਂ ਪਾਸੋਂ ਕ੍ਰਿਤ ਕਰਨ ਦੀ ਜੀਵਨ-ਜਾਚ ਪ੍ਰਾਪਤ ਕੀਤੀ। 'ਭਟਪੁਰੀ ਜੀ' ਫੁੱਲਾਂ ਫਲਾਂ ਦੇ ਸ਼ੌਕੀਨ ਸਨ ਤੇ ਬਾਗੀਚੀ ਵਿੱਚ ਗੁਡਾਈ ਕਰਦਿਆਂ ਗੁਰੂ ਨਾਨਕ ਦਾ ਉਦੇਸ਼ ਗੈਰ ਸਿੱਖਾਂ ਨੂੰ ਵੀ ਇਸ ਤਰ੍ਹਾਂ ਦੇਂਦੇਂ ਰਹਿੰਦੇ ਸਨ।

ਜਿਹਨੇ ਜਗਤ ਜਲੰਦਾ ਠਾਰਿਆ ਪਾਖੰਡ-ਹਟਾਇਆ।
ਜਿਹਨੇ ਪਾਪ ਦੇ ਚੜ੍ਹੇ ਤੂਫ਼ਾਨ ਚੋਂ ਸੰਸਾਰ ਬਚਾਇਆ।
ਜਿਹਨੇ ਜਲਤਾਂ ਚੋਂ ਕਰਤਾਰ ਦਾ ਦੀਦਾਰ ਕਰਾਇਆ।
ਕ੍ਰਿਤੀ ਉਹ ਸੱਚ ਦਾ ਸੂਰਮਾਂ ਗੁਰੂ ਨਾਨਕ ਆਇਆ।

(ਅ) ਜਪ ਤੇ ਕੀਰਤਨ : ਜੀਵਨ ਜਾਚ ਤਾਂ ਸਿੱਖ ਨੂੰ ਗੁਰੂ ਸਿਖਾਈ ਪਰ ਅੱਜ ਦੇ ਸਮੇਂ ਨਾਟਕਾਂ-ਚੇਟਕਾਂ, ਵਿੱਚ ਅੱਠੇ ਪਹਿਰ ਹਰ ਇੱਕ ਥਿੜਕ ਰਿਹਾ ਹੈ। ਗੁਰੂ ਜੀ ਦਾ ਫੁਰਮਾਨ- "ਰਹਿਣੀ ਰਹੇ ਸੋਈ ਸਿੱਖ ਮੇਰਾ"। ਠੀਕ ਭਟਪੁਰੀ ਜੀ ਅੰਮ੍ਰਿਤ ਵੇਲੇ ਉਠਦੇ ਹਨ, ਪੋਹ ਦੀ ਬਰਫ਼ ਜਾਂ ਸਾਵਣ ਦੀ ਗਰਮੀ ਕਦੇ ਵੀ ਉਨ੍ਹਾਂ ਦੇ ਮਨ ਦੀ ਸ਼ਾਤੀਂ ਨੂੰ ਭੰਗ ਨਾ ਕਰ ਸਕੀ। ਠੰਡੇ ਪਾਣੀ ਨਾਲ ਇਸ਼ਨਾਨ ਕਰਨਾ, ਨਿਤਨੇਮ ਕਰਨਾ, ਉੱਚੀ ਸੁਰ ਨਾਲ ਸੁਖਮਣੀ ਸਾਹਿਬ ਦਾ ਪਾਠ ਕਰਨ ਤੋਂ ਉਪਰੰਤ ਗੁਰਦੁਆਰਾ ਸਾਹਿਬ ਵਿੱਚ ਕੀਰਤਨ ਕਰਨਾ, ਇਹ ਕਿਸੇ ਵਿਰਲੇ ਭਾਗਾਂ ਵਾਲੇ ਦੇ ਹਿੱਸੇ ਆਇਆ, ਸੋ ਜੀਵਨ ਭਰ ਇਸ ਜਾਚ ਨੂੰ ਸੰਗਤਾਂ ਵਿੱਚ ਵੰਡਿਆ। ਸ਼ਹਿਰਾਂ ਵਿੱਚ ਜਾਂ ਪਿੰਡਾਂ ਵਿੱਚ, ਘਰ ਵਿੱਚ ਜਾਂ ਜੇਲ੍ਹ ਦੀ ਕਾਲ ਕੋਠੜੀ ਵਿੱਚ ਹਰ ਪ੍ਰਕਾਰ ਦਾ ਜਪ ਭਾਵ ਸਥੂਲ, ਸੂਖਮ ਤੇ ਪਰਮ ਉੱਚ, ਹਰ ਸਮੇਂ ਭਟਪੁਰੀ ਦੇ ਹਿੱਸੇ ਆਇਆ।

*ਜਪ ਤਪ ਦਾ ਬੰਧੁ ਬੇੜੁਲਾ ਜਿਤ ਲੰਘਹਿ ਵਹੇਲਾ॥ (ਸੂਹੀ ਮ: ੧) ੭੨੯*

(ੲ) ਭਟਪੁਰੀ ਇੱਕ ਧਰਮ ਪ੍ਰਚਾਰਕ : ਜਿਸ ਸਮੇਂ ਵੀ ਧਰਮ ਪ੍ਰਚਾਰਕ ਦੀ ਗੱਲ, ਧਰਮ ਬਾਰੇ ਸੋਚ ਵਿਚਾਰ, ਗੁਰਦੁਆਰਾ ਸੁਧਾਰ ਦੀ ਗੱਲ ਛਿੜਦੀ ਹੈ ਤਾਂ 'ਭਟਪੁਰੀ' ਜੀ ਦੀ ਤਸਵੀਰ ਤੇ ਉਨ੍ਹਾਂ ਦੇ ਉਚਾਰੇ ਸ਼ਬਦ ਜਾਂ ਕੀਤੇ ਕਾਰਨਾਮੇਂ ਇੱਕ ਵੀਡਿਉ ਰੀਲ ਵਾਂਗੂੰ ਸਾਹਮਣੇ ਆ ਜਾਂਦੀ ਹੈ। ਮੈਨੂੰ ਸੰਤਾਲੀ ਦੇ ਸ਼ਹੀਦਾਂ ਦੀਆਂ ਅਸਥੀਆਂ ਜਮ੍ਹਾਂ ਕਰਨ ਜਾਂ ਜਿਲ੍ਹਾ ਬਾਰਾਮੂਲਾ ਦੇ ਪਿੰਡ ਪਿੰਡ ਵਿੱਚ ਗਿਆਨੀ ਸੰਤ ਸਿੰਘ ਭਟਪੁਰੀ ਅਤੇ ਜਥੇਦਾਰ ਆਸਾ ਸਿੰਘ ਸਿਆਲਕੋਟ ਦਾ ਫਿਰ ਫਿਰ ਦੀਵਾਨ ਰਚਾਉਣੇ ਇਸ ਸਮੇਂ ਅਜੂਬਾ ਲੱਗ ਰਿਹਾ ਹੈ। ਉਹ ਕਿਹੜੀ ਸ਼ਕਤੀ ਸੀ, ਉਹ ਕਿਹੜਾ ਦਰਦ ਸੀ ਜੋ ਉਨ੍ਹਾਂ ਦੇ ਸੀਨੇ ਵਿੱਚ ਲੁਕਿਆ ਸੀ। ਇਹ ਸਿਰਫ਼ ਸ਼ਹੀਦਾਂ ਦਾ ਕਰਜ਼ਾ ਸੀ ਜੋ ਉਨ੍ਹਾਂ ਦੇ ਜਾਣ ਉਪਰੰਤ ਸਾਰੇ ਭੁਲਾ ਬੈਠੇ ਹਾਂ, ਮੈਨੂੰ ਉਹ ਠਾਠਾਂ ਮਾਰਦਾ, ਵਿਸਾਖੀ ਵਾਲਾ ਜਲੂਸ ਜੋ ਕਾਮਰਾਜ ਦੀਆਂ ਸੰਗਤਾਂ ਸਿਆਲਕੋਟ ਤਪਿਆਨਾ ਸਾਹਿਬ ਜਿਸ ਦੀ ਅਗਵਾਈ 'ਭਟਪੁਰੀ ਜੀ' ਕਰ ਰਹੇ ਸਨ, ਧਰਮ ਦੀ ਚੜ੍ਹਦੀਕਲਾ ਦਾ ਪ੍ਰਤੀਕ ਸੀ। ਗਿਆਨੀ ਭਟਪੁਰੀ ਜੀ ਤਪੋ ਅਸਥਾਨ ਤਪਿਆਨਾ ਸਾਹਿਬ ਹਰ ਵਰ੍ਹੇ ਦੋ ਵਿੱਸਾਖ ਨੂੰ ਸੰਗਤਾਂ ਨੂੰ ਮਨੋਹਰ ਕੀਰਤਨ ਰਾਹੀਂ ਧਰਮ-ਪ੍ਰਚਾਰ ਜ਼ਰੂਰ ਕਰਦੇ ਰਹਿੰਦੇ ਸਨ। ਕਸ਼ਮੀਰ ਦੇ ਜਿਸ ਜਥੇ ਅਕਾਲੀ ਲਹਿਰ ਵਿੱਚ ਯੋਗਦਾਨ ਜੇਲ੍ਹ ਯਾਤਰਾ ਪਾ ਕਸ਼ਮੀਰ ਦੀ ਰੱਖ ਵਿਖਾਈ ਉਸਦੀ ਜਥੇਦਾਰੀ ਭਟਪੁਰੀ ਜੀ ਨੇ ਹੀ ਕੀਤੀ ਸੀ। ਸੰਤ ਹਮੀਰ ਸਿੰਘ ਤੇ ਉਨ੍ਹਾਂ ਦੇ ਜਥੇ ਨੇ ਆਪਣੀ ਕਸ਼ਮੀਰ ਯਾਤਰਾ ਵਿੱਚ ਪਿੰਡ ਪਿੰਡ ਧਰਮ ਪ੍ਰਚਾਰ ਲਈ ਕੀਰਤਨ ਦਾ ਪ੍ਰਵਾਹ ਚਲਾਇਆ, ਉਸ ਵਿੱਚ ਮੁੱਖ ਯੋਗਦਾਨ ਭਟਪੁਰੀ ਸਾਹਿਬ ਨੇ ਪਾਹਿਆ।

ਉਹ ਪਹੁੰਚਿਆ ਵਿੱਚ ਦਰਬਾਰ ਦੇ ਸਤਿਗੁਰੂ ਧਿਆਂਉਂਦਾ
ਉਹ ਪਹਿਲੋਂ ਧੂੜੀ ਚੁਕ ਕੇ ਮਸਤੱਕ ਤੇ ਸੀ ਲਾਉਂਦਾ।

(ਸ) ਭਟਪੁਰੀ ਸਮਾਜ ਸੁਧਾਰਿਕ : ਲੀਡਰ ਸਿਰਫ਼ ਕਹਿੰਦੇ ਹਨ ਪਰ ਕਰਦੇ ਨਹੀਂ। ਪਰ ਭਟਪੁਰੀ ਜੀ ਇੱਕ ਪਰਫ਼ੈਕਟ (perfect) ਵਿਅਕਤੀ ਸਨ ਉਹ ਜੋ ਕਹਿੰਦੇ ਸਨ ਉਹ ਹੀ ਕਰਦੇ ਸਨ। ਉਹ ਗਾਜ਼ੀ ਸਨ ਕੱਥਨੀ ਤੇ

ਕਿਰਦਾਰ ਦੇ। ਸਮਾਜ ਸੁਧਾਰ ਦੇ। ਢੋਲ ਢਮਕੇ ਬੰਦ ਕਰਨ ਦੀ, ਦਾਜ ਨਾ ਲੈਣ ਦੀ ਅਗਵਾਈ, ਮਨ ਦਾ ਫੁਰਨਾ ਫੁਰਿਆ ਤਾਂ ਭਟਪੁਰੀ ਜੀ ਨੇ ਆਪਣੇ ਸਪੁੱਤਰ ਸ੍ਰ. ਜਸਬੀਰ ਸਿੰਘ ਸਰਨਾ ਦੇ ਵਿਆਹ ਤੇ ਇਹ ਸਭ ਕੁਝ ਕਰ ਵਿਖਾਇਆ। ਭੈਣਾਂ ਨੂੰ ਵੀਰੇ ਨੂੰ ਮਹਿੰਦੀ ਲਾਣ ਦਾ ਕਿਤਨਾ ਸ਼ੌਕ ਹੁੰਦਾ ਹੈ, ਪਰਵਾਰ ਦੀ ਨਿਰਾਜ਼ਗੀ, ਭਾਈਚਾਰੇ ਦੀ ਨਿਰਾਜ਼ਗੀ ਕਬੂਲ ਕੀਤੀ ਪਰ ਇੱਕ ਰਸਤਾ ਸੇਧ ਦੇ ਦਿੱਤੀ, ਆਪਣੀ ਆਣ ਵਾਲੀ ਪੀੜ੍ਹੀ ਨੂੰ। ਸੋ ਇਹੋ ਜਿਹੀਆਂ ਮਿੱਠੀਆਂ ਯਾਦਾਂ ਦੀ ਪੋਟਲੀ ਸਾਡੇ ਪੱਲੇ ਬੰਨ੍ਹ ਤੁਰ ਗਏ ਭਟਪੁਰੀ ਜੀ।

(ਹ) **ਭਟਪੁਰੀ ਇੱਕ ਕਵੀ** : ਭਟਪੁਰੀ ਜੀ ਜਿੱਥੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਦੇ ਉੱਥੇ ਆਪਣੀ ਮਿੱਠੀ ਸੁਰ ਨਾਲ ਕਈ ਥਾਵਾਂ ਤੇ ਸਮਾਜਿਕ ਕੁਰੀਤੀਆਂ ਬਾਰੇ ਵੀ ਛੋਟੀਆਂ ਛੋਟੀਆਂ ਕਵਿਤਾਵਾਂ ਗਾਉਂਦੇ ਸਨ ਜਿਵੇਂ ਸੰਤਾਲੀ ਦੀਆਂ ਯਾਦਾਂ, ਵਿਛੋੜਾ ਜਾਂ ਦਰਾ ਹਾਜੀ ਪੀਰ, ਆਰਮੀ ਵਿੱਚ ਜੱਸ ਭਰਵੇਂ ਕੀਰਤਨ ਪ੍ਰਚਾਰ ਰਾਹੀਂ ਵੱਡੇ ਵੱਡੇ ਜਰਨੈਲਾਂ ਦੇ ਦਿਲ ਮੋਹ ਲੈਂਦੇ ਸਨ-

ਜਿਤਿਆ ਹਾਜੀਮੀਰ, ਬਹਾਦਰ ਖਾਲਸੇ
ਸਿਆਲਕੋਟ ਦਿਲਗੀਰ ਸਿੰਘਾਂ ਨੂੰ ਵੇਖਕੇ
ਖਾਕ ਉਡਾਈ ਅਮਰੀਕੀ ਸਾਮਾਨ ਦੀ
ਰੱਖ ਵਿਖਾਈ ਸਿੰਘਾਂ ਹਿੰਦੁਸਤਾਨ ਦੀ।

ਮੁੱਕਦੀ ਗੱਲ, ਭਟਪੁਰੀ ਜੀ ਰੋਸ਼ਨ-ਮੁਨਾਰਾ ਸਨ, ਆਪਣਾ ਜਨਮ ਸਫ਼ਲ ਕਰਦੇ ਹੋਏ ਸਾਨੂੰ ਯਾਦਾਂ ਦੇ ਕੇ ਸਚਖੰਡ ਜਾ ਬਿਰਾਜੇ।

*ਸੁਣਿਆ ਮੰਨਿਆ ਮੰਨਿ ਕੀਤਾ ਭਾਉ॥*

# ਯਾਰ ਪਿਆਰਾ ਦਿਲ ਦਾ ਮਹਿਰਮ

ਗਿ: ਈਸ਼ਰ ਸਿੰਘ ਬਖਸ਼

ਦੁਨੀਆਂ ਉੱਤੇ ਜੋ ਜੀਅ ਆਇਆ, ਸਭ ਨੇ ਇਕ ਦਿਨ ਮਰਨਾ।
ਰਿਸ਼ੀ ਮੁਨੀ ਅਵਤਾਰਾਂ ਜਾਣਾ, ਫਿਰ ਮੌਤੋਂ ਕੀ ਡਰਨਾ।
ਯਾਰ ਪਿਆਰਾ ਦਿਲ ਦਾ ਮਹਿਰਮ, ਰੱਬਾ ਤੂੰ ਨਾ ਵਿਛੋੜੀਂ।
ਬਖਸ਼ ਯਾਰ ਜੁਦਾਈ ਦਾ ਦੁਖ, ਬਹੁਤ ਕਠਨ ਹੈ ਜਰਨਾ।

ਸੁਰਗੀ ਗਿ: ਸੰਤ ਸਿੰਘ ਜੀ ਭਟਪੁਰੀ ਨਾਲ ਭਾਈ ਰਣਜੀਤ ਸਿੰਘ ਜੀ ਜੋ ਕਿ ਮੇਰੇ ਮਾਮੇ ਦੇ ਪੁੱਤ ਭਰਾ ਸਨ ਅਤੇ ਭਟਪੁਰੀ ਜੀ ਦੇ ਫੁੱਫੜ ਸਨ। ਬਾਰਾ ਮੂਲਾ ਕੋਠੀ ਵਿਖੇ ਕਈ ਵਾਰੀ ਮੇਲ ਹੁੰਦਾ ਰਹਿੰਦਾ ਸੀ। ਸੰਮਤ ੧੯੪੨ ਪਾਂਜ਼ਲਾ ਪਿੰਡ ਸਕੂਲ ਡਿਊਟੀ ਸਮੇਂ ਇਨ੍ਹਾਂ ਦੇ ਪਿੰਡ ਭਟਪੁਰਾ (ਰਫੀਆਬਾਦ) ਵਿੱਚ ਕਈ ਸਮਾਗਮਾਂ ਵਿੱਚ ਜਾਣ ਕਰਕੇ ਇਨ੍ਹਾਂ ਨਾਲ ਮਿਤ੍ਰਤਾ ਵਿੱਚ ਹੋਰ ਨੇੜਤਾ ਆਈ। ਪਿੰਡ ਪਾਂਜ਼ਲਾ ਦੇ ਦਸ਼ਮੇਸ਼ ਭੁਝੰਗੀ ਜੱਥੇ ਨੂੰ ਇਲਾਕੇ ਦੇ ਕਿਸੇ ਭੀ ਸਮਾਗਮ ਤੇ ਜਾਣ ਦਾ ਜਦੋਂ ਸਮਾਂ ਮਿਲਦਾ ਸੀ ਤਾਂ ਉਸ ਸਮੇਂ ਭਟਪੁਰੀ ਜੀ ਬੜੇ ਚਾਅ ਨਾਲ ਇਨ੍ਹਾਂ ਦੇ ਸ਼ਬਦ ਕੀਰਤਨ ਜਾਂ ਕਵਿਤਾ ਪੜ੍ਹਨ ਦੇ ਪ੍ਰੋਗਰਾਮ ਵਿੱਚ ਢੋਲਕ ਜਾਂ ਤਬਲੇ ਦੀ ਸੇਵਾ ਕਰਕੇ ਬੱਚਿਆਂ ਦਾ ਹੌਸਲਾ ਵਧਾਂਦੇ ਸਨ।

ਇਸ ਤੋਂ ਇਲਾਵਾ ਖਾਲਸਾ ਮਿਡਲ ਸਕੂਲ ਪਿੰਡ ਸ਼ਤਰਨਾ ਲਈ ਮਾਇਕ ਸਹਾਇਤਾ ਬਾਰੇ ਜੋ ਅਸੀਂ ਸੁਰਗੀ ਮਾ: ਬਲਵੰਤ ਸਿੰਘ ਉਪਲਨ੍ਹਾ ਦੇ ਸਹਿਯੋਗ ਨਾਲ ਡਰਾਮਾਂ ਕਲੱਬ ਬਣਾਈ ਸੀ ਉਸ ਵਿੱਚ ਭੀ ਭਟਪੁਰੀ ਜੀ ਦੇ ਮਿਲਵਰਤਣ ਨਾਲ ਬਹੁਤ ਸੁਹਣਾ ਰੰਗ ਬਝਦਾ ਸੀ ਅਤੇ ਲੋਕੀਂ ਬਹੁਤ ਪ੍ਰਸੰਨ ਹੁੰਦੇ ਸਨ। ਇਲਾਕੇ ਦੇ ਪਿੰਡਾਂ ਵਿੱਚ ਵਿਆਹ ਸ਼ਾਦੀਆਂ ਅਤੇ ਹੋਰ ਸਮਾਗਮਾਂ ਵਿੱਚ ਕਠਿਆਂ ਕੀਰਤਨ ਕਰਨ ਨਾਲ ਸਾਡੇ ਵਿੱਚ ਦਿਨ ਤੋਂ ਦਿਨ ਨੇੜਤਾ ਅਤੇ ਪਿਆਰ ਵਿੱਚ ਵਾਧਾ ਹੁੰਦਾ ਗਿਆ ਜਿਸ ਦੇ ਫਲਸਰੂਪ ਹੁਣ ਸਾਡਾ ਰਾਗੀ ਜੱਥਾ ਬਣ ਗਿਆ। ਮਹਾਰਾਜ ਦੀ ਬਖਸ਼ਸ਼ ਦਾ ਸਦਕਾ ਸਾਡੀ ਆਵਾਜ਼ ਸੁਰ ਦੇ ਮਿਲਣ ਕਰਕੇ ਕੀਰਤਨ ਦਾ ਚੰਗਾ ਠਾਠ ਬਝ ਜਾਂਦਾ ਸੀ ਅਤੇ ਹੁਣ ਸਾਨੂੰ ਦੂਰ-ਦੂਰ ਤੋਂ ਸੰਗਤਾਂ ਦੇ ਸੱਦੇ ਪੱਤਰ ਭੀ ਕੀਰਤਨ ਲਈ ਆਣ ਲਗ ਪਏ ਸਨ। ਕੁਝ ਸਮੇਂ ਬਾਅਦ ਨਿਹੰਗ ਜੀ ਅਤੇ ਭਾ: ਕਪੂਰ ਸਿੰਘ ਘੁੰਡੀ ਵਾਲੇ ਭੀ ਸਾਡੇ ਜਥੇ ਵਿੱਚ ਸ਼ਾਮਲ ਹੋ ਗਏ ਅਤੇ ਖੂਬ

ਅਨੰਦ ਬੱਝਣ ਲਗ ਪਿਆ। ਕੁਪਵਾੜੇ ਤੋਂ ਜਥੇਦਾਰ ਜੋਧ ਸਿੰਘ ਜੀ ਚੌਗਲ ਤੋਂ ਸੁਰਗੀ ਸੁਜਾਨ ਸਿੰਘ, ਸ੍ਰ: ਜਨਕ ਸਿੰਘ, ਦਲੀਪ ਸਿੰਘ, ਗਿ: ਸਰਦੂਲ ਸਿੰਘ ਵਲੋਂ ਗੁਰਪੁਰਬਾਂ ਅਤੇ ਵਿਆਹ ਸ਼ਾਦੀ ਦੇ ਸਮਾਗਮਾਂ ਤੇ ਕੀਰਤਨ ਲਈ ਸੱਦਾ ਪੱਤ੍ਰ ਆਉਣ ਲੱਗੇ। ਇਸ ਤੋਂ ਇਲਾਵਾ ਫਸਟ ਪਟਿਆਲਾ, ਇੱਕ ਯਾਰਾਂ ਤਿਨ ਸਿੱਖ ਦੋ ਐਲ ਆਈ ਪਲਟਨਾਂ ਵਿੱਚ ਭੀ ਕੀਰਤਨ ਲਈ ਜਾਣ ਦਾ ਸੁਭਾਗ ਸਮਾਂ ਪ੍ਰਾਪਤ ਹੋਇਆ। ਸਰਦੀਆਂ ਦੇ ਸਮੇਂ ਪਠਾਨਕੋਟ, ਯੌਲ ਕੈਂਪ ਮੁਜਫਰਾਬਾਦ, ਬਾਲਾ ਕੋਟ, ਐਬਟਾਬਾਦ, ਨਵਾਂ ਸ਼ਹਿਰ ਆਦਿ ਕੀਰਤਨ ਪ੍ਰਚਾਰ ਰਾਹੀਂ ਸੰਗਤਾਂ ਦੀ ਪ੍ਰਸੰਤਾ ਪ੍ਰਾਪਤ ਕੀਤੀ। ਤਰਾਲ, ਬਡਗਾਮ, ਸਾਹਜੀਮਰਗ ਗੁ: ਛੇ: ਪਾ: ਤੋਂ ਅਲਾਵਾ ਉੜੀ ਪਰਮ ਪੀਲਾਂ ਗੁ: ਛੇ: ਪਾਤ: ਪਰਧਾਨ ਸ੍ਰ: ਨਰੈਣ ਸਿੰਘ ਅਤੇ ਸਕੱਤ੍ਰ ਮਾ: ਹਰਭਜਨ ਸਿੰਘ ਦੇ ਸੱਦਾ ਪੱਤਰ ਤੇ ਜਾ ਕੇ ਕੀਰਤਨ ਦੀ ਹਾਜ਼ਰੀ ਭਰਦੇ ਰਹੇ। ਜੰਮੂ ਸੁਝਵਾਂ ਤਬਾਦਲੇ ਸਮੇਂ ਮੈਂ ਭਟਪੁਰੀ ਜੀ ਨੂੰ ਆਪਣੇ ਪਾਸ ਬੁਲਾ ਕੇ ਪਿੰਡ ਟਾਂਡਾ ਵਿਖੇ ਗ੍ਰੰਥੀ ਦੀ ਸੇਵਾ ਤੇ ਨੀਯਤ ਕਰਕੇ ਪਰਵਾਰ ਨੂੰ ਭੀ ਇੱਥੇ ਮੰਗਾ ਲਿਆ। ਬੱਚਿਆਂ ਨੂੰ ਮੈਂ ਆਪਣੇ ਸਕੂਲ ਵਿੱਚ ਐਡਮੀਸ਼ਨ ਦੇ ਕੇ ਲਗਭਗ ਅੱਠ ਸਾਲ ਸਾਂਬਾ ਸੁਝਵਾਂ ਇਲਾਕੇ ਤੋਂ ਇਲਾਵਾ ਕਠੂਆ, ਨਵਾਂ ਸ਼ਹਿਰ, ਪੁਣਛ, ਛੰਬ ਜੂੜੀਆਂ ਕੀਰਤਨ ਗੁਰਮਤਿ ਪਰਚਾਰ ਅਤੇ ਅਕਾਲੀ ਮੈਂਬਰਸ਼ਿਪ ਭਰਨ ਲਈ ਸਟੇਟ ਅਕਾਲੀ ਦਲ ਦੇ ਪ੍ਰਧਾਨ ਸ੍ਰ: ਸੰਤ ਸਿੰਘ ਜੀ ਤੇਗ ਦੇ ਪ੍ਰੋਗਰਾਮ ਅਨੁਸਾਰ ਦੌਰਾ ਕਰਕੇ ਕੌਮੀ ਸੇਵਾ ਵਿੱਚ ਹਿੱਸਾ ਪਾਇਆ। ਮਹੰਤ ਬਚਿਤ੍ਰ ਸਿੰਘ ਜੀ ਨੂੰ ਭੀ ਸੱਦਾ ਪੱਤ੍ਰ ਦੇ ਕੇ ਅੰਮ੍ਰਿਤ ਸੰਚਾਰ ਲਈ ਇਲਾਕੇ ਦੇ ਕਈ ਪਿੰਡਾਂ ਵਿੱਚ ਅੰਮ੍ਰਿਤ ਅਭਿਲਾਖੀਆਂ ਨੂੰ ਗੁਰੂ ਵਾਲੇ ਬਣਾਇਆ। ਪੰਜਾਬੀ ਸੂਬੇ ਦੇ ਮੋਰਚੇ ਵਿੱਚ ਗ੍ਰਿਫਤਾਰੀ ਲਈ ਦਾਸ ਨੇ ਭਟਪੁਰੀ ਜੀ ਦੀ ਗ੍ਰੰਥੀ ਦੀ ਸੇਵਾ ਨੂੰ ਆਪਣੇ ਜ਼ਿੰਮੇਂ ਲੈ ਕੇ ਕਸ਼ਮੀਰ ਤੋਂ ਜਥੇਦਾਰ ਠਾਕੁਰ ਸਿੰਘ ਜੋਸ਼ ਦੇ ਜੱਥੇ ਨਾਲ ਸ਼ਾਮਲ ਕਰਕੇ ਇਨ੍ਹਾਂ ਦੇ ਮਨ ਦੀ ਇੱਛਾ ਪੂਰੀ ਕੀਤੀ। ਆਪ ਜੀ ਦਾ ਸਾਰਾ ਪਰਿਵਾਰ ਜੋ ਇੱਥੇ ਰਹਿੰਦਾ ਸੀ ਨੇ ਭਟਪੁਰੀ ਜੀ ਦੀ ਜੇਲ੍ਹ ਯਾਤਰਾ ਸਮੇਂ ਖੁਸ਼ੀ-ਖੁਸ਼ੀ ਹੌਸਲੇ ਨਾਲ ਦਿਨ ਗੁਜ਼ਾਰੇ। ਸਾਡਾ ਪਰਵਾਰ ਭੀ ਇੱਥੇ ਸੀ ਜਿਸ ਕਰਕੇ ਆਪਸ ਵਿੱਚ ਬੱਚਿਆਂ ਦਾ ਚੰਗਾ ਪਿਆਰ ਸੀ ਜੋ ਕਿ ਹੁਣ ਤੱਕ ਚਲਿਆ ਆ ਰਿਹਾ ਹੈ।

ਪਠਾਨਕੋਟ ਸੰਤ ਇਕਬਾਲ ਸਿੰਘ ਜੀ ਦੇ ਪਾਸ ਅਸੀਂ ਪਹਿਲੀ ਵਾਰੀ ਉਨ੍ਹਾਂ ਦੇ ਨਵੇਂ ਅਸਥਾਨ ਅੰਬਾਂ ਵਾਲੇ ਬਾਗ ਡਲਹੌਜ਼ੀ ਰੋਡ ਗੁਰਦੁਆਰਾ ਸਾਹਿਬ ਹਾਜ਼ਰੀ ਭਰੀ ਤਾਂ ਆਪ ਜੀ ਨੇ ਇੱਕ ਮਹੀਨਾ ਸਾਨੂੰ ਉੱਥੇ ਰੋਕ ਲਿਆ। ਇੱਥੇ ਇਸ ਦੌਰਾਨ ਦੋ ਤਿੰਨ ਭਾਰੀ ਸਮਾਗਮ ਹੋਏ ਜਿਨ੍ਹਾਂ ਵਿੱਚ ਚੰਗੇ-ਚੰਗੇ ਪੰਥਕ ਨੇਤਾ ਅਤੇ ਰਾਗੀ ਢਾਡੀ ਜਥੇ ਸੰਗਤਾਂ ਨੂੰ ਨਿਹਾਲ ਕਰਨ ਅਤੇ ਸਮੇਂ ਦੇ ਹਾਲਾਤਾਂ ਬਾਰੇ ਚਾਨਣ ਪਾ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਸਨ। ਸੁਰਗੀ ਸ੍ਰ: ਭਾਗ ਸਿੰਘ ਐਡਵੋਕੇਟ ਗੁਰਦਾਸਪੁਰ ਵਾਲਿਆਂ ਨੇ ਉਸ ਸਮੇਂ ਸਾਡੇ ਜਥੇ ਪਾਸੋਂ ਰਾਣੀ ਸਾਹਿਬ ਕੌਰ ਪਟਿਆਲਾ ਦਾ ਪ੍ਰਸੰਗ ਢਾਡੀ ਵਾਰਾਂ ਵਿੱਚ ਉੱਚੀ ਰਸੀਲੀ ਆਵਾਜ਼ ਵਿੱਚ ਸੁਣਿਆ ਤਾਂ ਆਪ ਨੇ ਸੰਤ ਇਕਬਾਲ ਸਿੰਘ ਜੀ ਪਾਸੋਂ ਸਾਡੀ ਜਾਣ ਪਛਾਣ ਕਰਕੇ ਭਰੇ ਦੀਵਾਨ ਵਿੱਚ ਬਹੁਤ ਮਾਣ ਦਿੱਤਾ। ਇੱਥੇ ਹੀ ਬੱਸ ਨਹੀਂ ਯੋਲ ਕੈਂਪ ਕਾਂਗੜਾ, ਧਰਮਸ਼ਾਲਾ ਭਾ: ਸਰੂਪ ਸਿੰਘ ਰਾਗੀ ਅਤੇ ਗਿ: ਦਲੀਪ ਸਿੰਘ ਸੁਦਨ ਨੇ ਇੱਕ ਹਫਤਾ ਆਪਣੇ ਪਾਸ ਸੰਗਤਾਂ ਦੇ ਪਿਆਰ ਨੂੰ ਮੁੱਖ ਰੱਖਦਿਆਂ ਕੀਰਤਨ ਲਈ ਰੋਕ ਕੇ ਬਹੁਤ ਹੀ ਆਦਰ ਮਾਣ ਸਹਿਤ ਵਿਦੈਗੀ ਦਿੱਤੀ। ਭਟਪੁਰੀ ਜੀ ਦੀ ਕਥਨੀ ਵਿੱਚ ਇੱਕ ਜਾਦੂ ਵਾਲਾ ਅਸਰ ਸੀ ਜਿਸ ਕਰਕੇ ਆਪ ਹਰਮਨ ਪਿਆਰੇ ਸਨ। ਅਸਲ ਵਿੱਚ ਮੈਂ ਉਨ੍ਹਾਂ ਨੂੰ ਹੀ ਆਪਣੇ ਜਥੇ ਦਾ ਜਥੇਦਾਰ ਸਮਝਦਾ ਸਾਂ ਅਤੇ ਸਭ ਵਾਗ ਡੋਰ ਭਟਪੁਰੀ ਜੀ ਦੇ ਹੱਥ ਹੁੰਦੀ ਸੀ। ਮੈਂ ਇਕਾਂਤ ਬੈਠ ਗੁਰਬਾਣੀ ਪਰਮਾਣ ਅਤੇ ਪਰਸੰਗ ਯਾਦ ਕਰਨ ਵਿੱਚ ਹੀ ਮਘਨ ਰਹਿੰਦਾ ਸਾਂ। ਮੈਨੂੰ ਠੀਕ ਯਾਦ ਹੈ ਕਿ ਨਵਾਂ ਸ਼ਹਿਰ ਜੰਮੂ ਅਕਾਲੀ ਕਾਨਫਰੰਸ ਸਮੇਂ ਪ੍ਰਸਿੱਧ ਰਾਗੀ ਜਥੇ ਭਾ: ਗੁਰਮੁਖ ਸਿੰਘ ਸਰਮੁਖ ਸਿੰਘ ਜੀ ਫੱਕਰ ਦੇ ਕੀਰਤਨ ਦੇ ਬਾਦ ਜਦ ਤੇਗ ਜੀ ਨੇ ਸਾਨੂੰ ਪ੍ਰੋਗਰਾਮ ਮੁਤਾਬਕ ੨੫ ਮਿੰਟ ਕੀਰਤਨ ਲਈ ਦਿੱਤੇ ਤਾਂ ਆਪ ਨੇ ੧੫ ਮਿੰਟ ਸ਼ਬਦ ਦੀ ਹਾਜ਼ਰੀ ਭਰਨ ਦੇ ਨਾਲ ਹੀ ਤੇਗ ਜੀ ਤੋਂ ਪੰਥਕ ਏਕਤਾ ਬਾਰੇ ਕਵਿਤਾ ਪੜ੍ਹਨ ਦੀ ਆਗਿਆ ਲਈ ਅਤੇ ਦਾਸ ਨੇ ਬਹੁਤ ਹੀ ਉੱਚੀ ਰਸੀਲੀ ਆਵਾਜ਼ ਰਾਹੀਂ ਕਵਿਤਾ ਪੜ੍ਹ ਕੇ ਸੰਗਤਾਂ ਦੇ ਮਨ ਨੂੰ ਮੋਹ ਲਿਆ ਅਤੇ ਇਸ ਤਰ੍ਹਾਂ ਫੱਕਰ ਜੀ ਨੇ ਸਾਡੇ ਜਥੇ ਬਾਰੇ ਸਨਮਾਨ ਭਰੇ ਸ਼ਬਦ ਵਰਤ ਕੇ ਕਸ਼ਮੀਰ ਦੇ ਸਿੱਖਾਂ ਦਾ ਨਾਂ ਰੋਸ਼ਨ ਕੀਤਾ। ਆਪ ਜੀ ਨੂੰ ਕੁਦਰਤ ਵਲੋਂ ਵਕਤ ਦੀ ਪਛਾਣ ਕਰਨ ਦੀ ਦਾਤ ਪ੍ਰਾਪਤ ਹੋਈ ਸੀ। ਜਿਸਦਾ ਸਦਕਾ ਸਾਨੂੰ ਹਰ ਥਾਂ ਹਰ ਦੀਵਾਨ ਵਿੱਚ ਸਤਿਕਾਰ ਪ੍ਰਾਪਤ ਹੁੰਦਾ ਸੀ। ਆਪਣੀ ਕਾਬਲੀਅਤ ਦਾ ਸਦਕਾ ਆਪ ਜੀ ਨੂੰ ਟੂ. ਐਫ. ਡੀ. ਗੁਰਦੁਆਰਾ ਬਦਾਮੀ ਬਾਗ

ਸ੍ਰੀ ਨਗਰ ਕਸ਼ਮੀਰ ਵਿੱਚ ਹੈੱਡ ਗ੍ਰੰਥੀ ਦੀ ਪੋਸਟ ਮਿਲ ਗਈ ਤਾਂ ਆਪ ਕਈ ਦਫਾ ਸਾਨੂੰ (ਬਖਸ਼ ਇਛਪਾਲ ਸਿੰਘ) ਗੁ: ਛੋ: ਪਾ: ਦੇ ਪਰਧਾਨ ਸਾਹਿਬ ਪਾਸੋਂ ਆਗਿਆ ਲੈ ਕੇ ਕੀਰਤਨ ਗੁਰਮਤਿ ਪਰਚਾਰ ਲਈ ਲੈ ਜਾ ਕੇ ਅਤਿ ਮਾਣ ਸਹਿਤ ਸਿਰੋਪਾਓ ਆਦਿ ਨਾਲ ਪ੍ਰਬੰਧਕਾਂ ਪਾਸੋਂ ਵਿਦੈਗੀ ਦਿਵਾ ਕੇ ਨਿਵਾਜਦੇ। ਆਪ ਜੀ ਵਿੱਚ ਇਹ ਸ਼ਲਾਘਾਯੋਗ ਗੁਣ ਸੀ ਜੋ ਕਿ ਲੱਖਾਂ ਵਿੱਚੋਂ ਕਿਸੇ ਇੱਕ ਗ੍ਰੰਥੀ ਜਾਂ ਰਾਗੀ ਪਰਚਾਰਕ ਨੂੰ ਮਹਾਰਾਜ ਵਲੋਂ ਇਸ ਗੁਣ ਦੀ ਦਾਤ ਪ੍ਰਾਪਤ ਹੁੰਦੀ ਹੈ। ਉਹ ਇਹ ਕਿ ਆਪ ਜੀ ਹਰ ਇੱਕ ਰਾਗੀ, ਪਰਚਾਰਕ ਨਾਲ ਦਿਲੋਂ ਪਿਆਰ ਕਰਦੇ ਸਨ ਅਤੇ ਆਪਣੇ ਅਸਰ ਰਸੂਖ ਨਾਲ ਬਾਹਰੋਂ ਆਏ ਰਾਗੀ ਜਥਿਆਂ, ਪਰਚਾਰਕਾਂ ਨੂੰ ਆਪਣੇ ਗੁਰਦੁਆਰਾ ਸਾਹਿਬ ਗੁਰਪੁਰਬਾਂ ਜਾਂ ਹੋਰ ਸਮਾਗਮਾਂ ਸਮੇਂ ਲੈ ਜਾ ਕੇ ਸੰਗਤਾਂ ਨੂੰ ਲਾਭ ਪਹੁੰਚਾਂਦੇ ਸਨ ਅਤੇ ਉਨ੍ਹਾਂ ਨੂੰ ਭੀ ਪੂਰੇ ਸਤਿਕਾਰ ਸਹਿਤ ਵਿਦੈਗੀ ਦੇ ਕੇ ਨਿਵਾਜਦੇ ਸਨ। ਆਪ ਜੀ ਦੇ ਉੱਚੇ ਆਚਾਰ ਅਤੇ ਨਿਮ੍ਰਤਾ ਭਰੇ ਸੁਭਾਉ ਕਰਕੇ ਫੌਜੀ ਅਫਸਰ ਭੀ ਆਪ ਜੀ ਦਾ ਅਤਿ ਸਤਿਕਾਰ ਕਰਦੇ ਸਨ। ਆਪ ਜੀ ਨੂੰ ਧਾਰਮਿਕ ਸਮਾਗਮ ਜਾਂ ਹੋਰ ਕਿਸੀ ਸਮਾਗਮ ਸਮੇਂ ਨਾਲ ਦੇ ਮੰਦਰ ਦੇ ਪੁਜਾਰੀ ਜੀ ਕੀਰਤਨ ਵਖਿਆਨ ਲਈ ਸਤਿਕਾਰ ਸਹਿਤ ਲੈ ਜਾਂਦੇ ਸਨ ਅਤੇ ਆਪ ਜੀ ਬਹੁਤ ਹੀ ਸੁੰਦਰ ਢੰਗ ਨਾਲ ਉਨ੍ਹਾਂ ਨੂੰ ਪ੍ਰਸੰਨ ਕਰ ਮਾਣ ਪ੍ਰਾਪਤ ਕਰਦੇ ਸਨ। ਵਿਆਹ ਸ਼ਾਦੀ ਜਾਂ ਹੋਰ ਕਿਸੀ ਸਮਾਗਮ ਵਿੱਚ ਕਈ ਵਾਰੀ ਇਲਾਕੇ ਦੀਆਂ ਸਿੱਖ ਸੰਗਤਾਂ ਤੋਂ ਇਲਾਵਾ ਤਰਾਲ ਬਡਗਾਮ ਦੇ ਸਬੰਧੀ ਪ੍ਰੇਮੀ ਆਪ ਜੀ ਨੂੰ ਬਦਾਮੀਂ ਬਾਗ ਆ ਕੇ ਅਫਸਰਾਂ ਪਾਸੋਂ ਅਗਿਆ ਲੈ ਨਾਲ ਲੈ ਜਾਂਦੇ ਸਨ। ਸੰਤ ਗਰੀਬ ਸਿੰਘ ਜੀ ਦੇ ੩੧ ਅਖੰਡ ਪਾਠਾਂ ਦੀ ਲੜੀ ਸਮੇਂ ਦੇ ਸਮਾਗਮ ਵਿੱਚ ਗੁ: ਛੋ: ਪਾ: ਬਾਰਾਮੂਲਾ ਨਗਰ ਕੀਰਤਨ ਵਿੱਚ ਜੋ ਆਪ ਜੀ ਨੇ ਸੁਚਜੇ ਢੰਗ ਨਾਲ ਸੇਵਾ ਕੀਤੀ ਉਸ ਬਾਰੇ ਸੰਤ ਜੀ ਮੇਰੇ ਨਾਲ ਹਰ ਸਮੇਂ ਆਪ ਜੀ ਦੀ ਸਿਆਣਪ ਦੀ ਦਾਦ ਦਿੰਦੇ ਅਤੇ ਅਸ਼ੀਰਵਾਦ ਦਿੰਦੇ ਸਨ। ਮਹੰਤ ਬਚਿਤ੍ਰ ਸਿੰਘ ਜੀ ਤਾਂ ਮੈਨੂੰ ਵੇਖ ਕੇ ਕਹਿੰਦੇ ਸਨ ਕਿ ਆਪ ਜੀ ਦਾ ਪਿਆਰਾ ਸਾਥੀ ਭਟਪੁਰੀ ਕਿੱਥੇ ਹੈ ਜਲਦੀ ਉਨ੍ਹਾਂ ਨੂੰ ਬੁਲਾ ਕੇ ਸਾਡਾ ਮਨ ਪ੍ਰਸੰਨ ਕਰੋ। ਆਪ ਜੀ ਨੂੰ ਮਹੰਤ ਜੀ ਦੇ ਅਖੀਰੀ ਦਰਸ਼ਨ ਤੇ ਬਚਨ ਬਿਲਾਸ ਕਰਨ ਦਾ ਸੁਭਾਗ ਸਮਾਂ ਬੱਚਿਆਂ ਦੇ ਅਨੰਦ ਕਾਰਜਾਂ ਸਮੇਂ ਸ੍ਰ: ਦਮੋਦਰ ਸਿੰਘ ਜੀ ਮਹਿਤਾ ਜੀ ਦੇ ਘਰ ਸ੍ਰੀ ਨਗਰ ਪ੍ਰਾਪਤ ਹੋਇਆ। ਭਾਵੇਂ ਆਪ ਜੀ ਦੀ ਸਿਹਤ ਕੁਝ ਨਰਮ ਸੀ ਪਰ ਆਪ ਨੇ ਮੇਰੇ ਸੱਦਾ ਪੱਤਰ ਅਨੁਸਾਰ ਅਤਿ ਸ਼ਰਧਾ ਪਿਆਰ ਸਹਿਤ ਬੱਚਿਆਂ ਦੇ ਕਾਰਜਾਂ ਵਿੱਚ ਹਾਜ਼ਰੀ ਭਰਕੇ ਮੈਨੂੰ ਨਿਵਾਜਿਆ।

ਸੋ ਭਾਵੇਂ ਪਰਿਵਾਰ ਅਤੇ ਸਬੰਧੀਆਂ ਨੂੰ ਆਪ ਦੇ ਸਦੀਵੀ ਵਿਛੋੜੇ ਦਾ ਭਾਰੀ ਦੁਖ ਹੈ ਪਰ ਮੈਨੂੰ ਇੱਕ ਨੀਤੀਵਾਨ, ਹਮਦਰਦ, ਹਸਮੁਖ ਮਿਲਣਸਾਰ ਸਾਥੀ ਦੇ ਨਾਤੇ ਅਤਿ ਹੀ ਦੁਖ ਹੈ। ਸਚ ਜਾਣੋ ਮੈਨੂੰ ਉਨ੍ਹਾਂ ਦੀ ਪਿਆਰੀ ਯਾਦ ਪ੍ਰਦੇਸ ਵਿੱਚ ਬੈਠਿਆਂ ਆਣ ਨਾਲ ਵੈਰਾਗ ਦਾ ਹੜ੍ਹ ਅੰਦਰ ਠਾਠ੍ਹਾਂ ਮਾਰਨ ਲੱਗ ਪੈਂਦਾ ਹੈ। ਅੱਖਾਂ ਸਜਲ ਹੋ ਜਾਦੀਆਂ ਹਨ। ਅਖੀਰ ਵਾਹਿਗੁਰੂ ਜੀ ਦੇ ਭਾਣੇ ਨੂੰ ਮਿਠਾ ਮੰਨ ਹੌਸਲਾ ਹੁੰਦਾ ਹੈ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਜੋ ਆਪ ਜੀ ਦੀ ਔਲਾਦ ਬੱਚੀ ਬੱਚਿਆਂ ਨੂੰ ਮਹਾਰਾਜ ਨੇ ਵਿਦਵਤਾ ਭਰੇ ਉੱਚੀ ਸਿੱਖੀ ਜੀਵਨ ਦੀ ਦਾਤ ਬਖਸ਼ਸ਼ ਕੀਤੀ ਹੈ। ਇਨਕਲਾਬੀ ਜੀ, ਪਿਆਰੇ ਜਸਬੀਰ ਸਿੰਘ ਸਰਨਾ ਚੋਟੀ ਦੇ ਲਿਖਾਰੀ ਅਤੇ ਪਰਚਾਰਕ ਹਨ। ਛੋਟੇ ਸ਼ਿਸ਼ ਜੀ ਭੀ ਚੰਗੇ ਬਿਜਨਸ ਮੈਨ ਹਨ ਪਿਆਰੀ ਬੱਚੀ ਸੁਰਿੰਦਰ ਕੌਰ ਦੇ ਬੱਚੇ (ਭਟਪੁਰੀ ਜੀ ਦੇ ਦੋਹਤੇ) ਯੂ. ਐਸ. ਏ. ਵਿਦਿਆ ਪ੍ਰਾਪਤ ਕਰ ਰਹੇ ਹਨ। ਮੇਰੀ ਅਰਦਾਸ ਹੈ ਜੋ ਵਾਹਿਗੁਰੂ ਇਨ੍ਹਾਂ ਨੂੰ ਇਸ ਤੋਂ ਵੱਧ ਵਿਦਵਾਨ ਬਣਾਏ ਅਤੇ ਦੀਰਘ ਆਯੂ ਬਖਸ਼ੇ। ਹੁਣ ਜਦ ਕਿ ਮੈਂ ਅੰਨਜਲ ਦੇ ਗੇੜ ਅਨੁਸਾਰ ਸ਼ਿਕਾਗੋ ਅਮਰੀਕਾ ਰਹਿ ਰਿਹਾ ਸਾਂ ਅਤੇ ਭਟਪੁਰੀ ਜੀ ਨੂੰ ਇਧਰ ਆਪਣੇ ਪਾਸ ਲਿਆਣ ਦਾ ਕੋਈ ਢੰਗ ਸੋਚ ਰਿਹਾ ਸਾਂ ਤਾਂ ਅਚਨਚੇਤ ਆਪਦੇ ਵਿਛੋੜੇ ਦੀ ਦੁਖਦਾਈ ਖਬਰ ਪਿਆਰੇ ਮਾ: ਗੁਰਮੁਖ ਸਿੰਘ ਜੀ ਨੇ ਪਤ੍ਰਕਾ ਰਾਹੀਂ ਦੇ ਕੇ ਮੇਰੀਆਂ ਆਸਾਂ ਤੇ ਪਾਣੀ ਫੇਰ ਦਿੱਤਾ। ਇਨ੍ਹਾਂ ਦੇ ਸਦੀਵੀ ਵਿਛੋੜੇ ਨੇ ਜੋ ਮੇਰੇ ਦਿਲ ਤੇ ਚੋਟ ਮਾਰੀ ਹੈ ਉਸ ਵਿਛੋੜੇ ਦੇ ਦੁਖ ਨੂੰ ਭਾ: ਸਾਹਿਬ ਵੀਰ ਸਿੰਘ ਜੀ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ:

ਸਾਬਣ ਲਾ-ਲਾ ਧੋਤਾ ਕੋਲਾ ਦੁਧ ਦਹੀਂ ਵਿੱਚ ਪਾਇਆ।
ਖੁੰਬ ਚਾੜ੍ਹ ਰੰਗਣ ਭੀ ਧਰਿਆ, ਪਰ ਰੰਗ ਨ ਓਸ ਵਟਾਇਆ।
ਵਿਛੜ ਕੇ ਕਾਲਖ ਸੀ ਆਈ, ਬਿਨ ਮਿਲਿਆ ਨਹੀਂ ਲਹਿੰਦੀ।
ਅੰਗ ਅਗ ਦੇ ਲਾ ਕੇ ਦੇਖੋ, ਚੜ੍ਹਦਾ ਰੂਪ ਸਵਾਇਆ।

ਪੂੰਨਾ :

ਮੈਂ ਰੋਊਂ ਕਿਓਂ ਨਾ ਪੀਰੀ ਮੈਂ, ਕਫੇ ਅਫਸੋਸ ਮਲ ਮਲ ਕਰ।
ਸ਼ਿਅ ਕਾਰੂੰ ਮੈਂ ਖੋ ਦੀ ਸਭ ਸਿਆਹੀ ਸਿਰ ਕੋ ਬਾਲੋਂ ਕੀ।

ਬਖਸ਼।

# ਕੁਝ ਯਾਦਾਂ – ਸੱਚ ਖੰਡ ਵਾਸੀ 'ਭਟਪੁਰੀ' ਜੀ ਦੀਆਂ

ਗਿ: ਕੁਲਵੰਤ ਸਿੰਘ
ਪ੍ਰਸਿੱਧ ਪਾਠੀ, ਪਿੰਡ ਟੰਗਾਮੂਲਾ (ਰਫ਼ੀਆਬਾਦ) ਕਸ਼ਮੀਰ

ਦਾਸ 1985 ਵਿੱਚ ਪੰਜਾਬੋਂ (ਪੰਜ ਸਾਲ) ਵਿੱਦਿਆ ਪ੍ਰਾਪਤ ਕਰਕੇ ਆਪਣੇ ਪਿੰਡ ਟੰਗਾਮੂਲਾ, ਕਸ਼ਮੀਰ ਆਇਆ। ਉਸੇ ਹੀ ਮਹੀਨੇ 1947 ਦੇ ਸ਼ਹੀਦਾਂ ਦੀ ਯਾਦ ਵਿੱਚ ਕੱਤਕ ਦੇ ਮਹੀਨੇ ਪਿੰਡ ਪਾਜ਼ਲਾ ਵਿੱਚ ਮਨਾਈ ਗਈ। ਦਾਸ ਨੂੰ ਵੀ ਸ਼ਹੀਦਾਂ ਦੀ ਯਾਦ ਵਿੱਚ ਅਖੰਡ ਪਾਠ ਸਾਹਿਬ ਵਿੱਚ ਸ਼ਮੂਲੀਅਤ ਕਰਨ ਲਈ ਹੁਕਮ ਹੋਇਆ। ਦਾਸ ਛੋਟਾ ਸੀ ਅਤੇ ਬਾਹਰ ਰਹਿਣ ਕਾਰਨ ਕਿਸੇ ਨੂੰ ਜਾਣਦਾ ਵੀ ਨਹੀਂ ਸੀ। ਜਿੱਥੇ ਬਾਰਾਮੂਲਾ ਜਿਲ੍ਹੇ ਦੇ ਹੋਰ ਅਕਾਲੀ ਲੀਡਰਾਂ ਨਾਲ ਦਾਸ ਦੀ ਜਾਣ ਪਛਾਣ ਹੋਈ ਉੱਥੇ (ਸੱਚ ਖੰਡ ਵਾਸੀ) ਗਿਆਨੀ ਭਟਪੁਰੀ ਜੀ ਨਾਲ ਵੀ ਮੇਰੀ ਜਾਣ ਪਛਾਣ ਹੋਈ।

ਗਿਆਨੀ ਜੀ ਨੇ ਜਦੋਂ ਦਾਸ ਦਾ ਪਾਠ ਸਰਵਣ ਕੀਤਾ ਅਤੇ ਇਹ ਵੀ ਪਤਾ ਲਗਿਆ ਕਿ ਦਾਸ ਭਿੰਡਰਾਂ ਟਕਸਾਲ ਵਿੱਚੋਂ ਪਾਠ ਸਿੱਖ ਕੇ ਆਇਆ ਹੈ ਅਤੇ ਇਹ ਮੇਰੇ ਮਿੱਤਰ ਅਮਰ ਸ਼ਹੀਦ ਭਾਈ ਮਾਨ ਸਿੰਘ ਦਾ ਸਪੁੱਤਰ ਹੈ ਤਾਂ ਬਹੁਤ ਖੁਸ਼ ਹੋਏ। ਦਾਸ ਉਨ੍ਹਾਂ ਦੇ ਬੇਟੇ ਸਮਾਨ ਸੀ, ਪਰ ਉਨ੍ਹਾਂ ਨੇ ਮੈਨੂੰ ਇਤਨਾ ਸਤਿਕਾਰ ਅਤੇ ਮਾਣ ਦਿੱਤਾ ਕਿ ਦਾਸ ਸੱਚ ਕਹਿੰਦਾ ਹੈ ਕਿ ਦਾਸ ਨੂੰ ਆਪਣੇ ਪਿਤਾ ਜੀ ਹੀ ਭੁੱਲ ਗਏ। ਜਿੱਥੇ ਉਹ ਹੋਰ ਅਕਾਲੀ ਲੀਡਰਾਂ ਨਾਲ ਸ਼ਹੀਦਾਂ ਦੀ ਯਾਦ ਵਿੱਚ ਆਰੰਭ ਹੋਏ ਸਮਾਗਮ ਦੀ ਦੇਖ ਰੇਖ ਕਰਦੇ ਸਨ, ਉੱਥੇ ਉਨ੍ਹਾਂ ਨੇ 1947 ਦੇ ਸ਼ਹੀਦਾਂ ਨੂੰ ਕੀਰਤਨ ਰਾਹੀਂ ਵੀ ਸ਼ਰਧਾ ਦੇ ਫੁੱਲ ਭੇਟ ਕੀਤੇ। ਪਹਿਲੀ ਵਾਰ ਦਾਸ ਨੇ ਉਨ੍ਹਾਂ ਦਾ ਕੀਰਤਨ ਅਤੇ ਢਾਡੀ ਵਾਰਾਂ ਸਰਵਣ ਕੀਤੀਆਂ। ਦਾਸ ਬਹੁਤ ਪ੍ਰਭਾਵਤ ਹੋਇਆ। ਚੂੰ ਕਿ ਉਹ ਬੜੇ ਵਜਦ ਅਤੇ ਬੀਰਰਸ ਵਿੱਚ ਕੀਰਤਨ ਕਰਦੇ, ਜੋ ਸਰੋਤਿਆਂ ਤੇ ਇੱਕ ਜਾਦੂ ਦੀ ਤਰ੍ਹਾਂ ਆਪਣਾ ਪ੍ਰਭਾਵ ਪਾਉਂਦਾ ਸੀ। ਹੋਰ ਵੀ ਬਹੁਤ ਸਾਰੇ ਸਮਾਗਮਾਂ ਵਿੱਚ ਅਸੀਂ ਇਕੱਠੇ ਪਾਠ ਕਰਦੇ ਅਤੇ ਧਾਰਮਿਕ ਵਿਚਾਰਾਂ ਕਰਦੇ। ਪਰ ਹਰ ਵਾਰ ਉਹ ਪਿਤਾ ਜੀ ਨੂੰ ਯਾਦ ਕਰਦੇ ਅਤੇ ਜਦੋਂ ਵੀ ਕਿਸੇ ਸਮਾਗਮ ਵਿੱਚ ਬੋਲਦੇ ਤਾਂ ਸ਼ਹੀਦ ਭਾਈ ਮਾਨ ਸਿੰਘ ਜੀ ਦੀ ਕੁਰਬਾਨੀ ਨੂੰ ਜ਼ਰੂਰ ਯਾਦ ਕਰਦੇ ਅਤੇ ਸਾਧ ਸੰਗਤ ਨੂੰ ਉਨ੍ਹਾਂ ਦੀ ਸ਼ਹੀਦੀ ਦੀ ਵਿਥਿਆ ਸੁਣਾਉਂਦੇ। ਪਿੰਡ ਚਟੂਸਾ ਦੀ ਸਾਧ ਸੰਗਤ ਨੇ ਗੁਰੂ ਅਰਜਨ ਸਾਹਿਬ ਦਾ ਸ਼ਹੀਦੀ ਦਿਵਸ ਮਨਾਉਣ ਸਮੇਂ ਭਟਪੁਰੀ ਜੀ ਅਤੇ ਗਿ: ਈਸਰ ਸਿੰਘ ਬਖਸ਼ ਕੀਰਤਨ ਕਰਨ ਲਈ ਲਿਆਂਦੇ ਤਾਂ ਦਾਸ ਵੀ ਉਨ੍ਹਾਂ ਨੂੰ ਆਪਣੇ ਪਿੰਡ ਟੰਗਾਮੂਲਾ ਸ਼ਾਮ ਦੇ ਦੀਵਾਨ ਵਿੱਚ ਕੀਰਤਨ ਕਰਨ ਲਈ ਲੈ ਆਉਂਦਾ। ਕੀਰਤਨ ਕਰਨ ਤੋਂ ਬਾਅਦ ਦਾਸ ਦੇ ਗਰੀਬਖ਼ਾਨੇ ਵਿੱਚ ਨਿਵਾਸ ਕੀਤਾ ਅਤੇ ਬਹੁਤ ਵੀਚਾਰ-ਵੀਟਾਂਦਰਾ ਕਰਦੇ ਰਹੇ।

ਸਾਡੇ ਬਜ਼ੁਰਗ ਵੱਡੇ ਜ਼ਮੀਦਾਰ ਹੋਏ ਹਨ। ਸਾਨੂੰ ਕਹਿਣਾ ਕਿ ਆਪਣੇ ਪਿਉ ਦਾਦੇ ਦੇ ਖਜ਼ਾਨੇ ਨੂੰ ਸੰਭਾਲ ਕੇ ਰੱਖਣਾ। ਖੁਸ਼ ਹੋਕੇ ਕਹਿਣਾ-

*ਪਿਓ ਦਾਦੇ ਦਾ ਖੋਲ ਡਿਠਾ ਖਜਾਨਾ।।*
*ਤਾਂ ਮੇਰੇ ਮਨ ਭਇਆ ਨਿਧਾਨਾ।।* (ਗੁਰੂ ਗ੍ਰੰਥ ਸਾਹਿਬ)

ਫ਼ੌਜ ਵਿੱਚ ਮੁਲਾਜ਼ਮ ਹੋਣ ਦੇ ਬਾਵਜੂਦ ਵੀ ਗੁਰਦੁਆਰਾ ਤਪਿਆਨਾ ਸਾਹਿਬ, ਸ਼ਾਲਕੋਟ (ਕਸ਼ਮੀਰ) ਵਿਸਾਖੀ ਦੇ ਪੁਰਬ ਤੇ ਹਾਜ਼ਰੀ ਭਰਨੀ ਅਤੇ ਇਲਾਕੇ ਦੀਆਂ ਸੰਗਤਾਂ ਨੂੰ ਕੀਰਤਨ ਰਾਹੀਂ ਨਿਹਾਲ ਕਰਨਾ ਅਤੇ ਬਹੁਤ ਸਾਰੀਆਂ ਸਮਾਜਕ ਊਣਤਾਈਆਂ ਤੇ ਰੋਸ਼ਨੀ ਪਾਉਣੀ। ਉਨ੍ਹਾਂ ਦਾ ਰੋਜ਼ਾਨਾ ਦਾ ਨਿਯਮ ਵੀ ਪੁਰਾਤਨ ਗੁਰਸਿੱਖਾਂ ਵਰਗਾ ਸੀ। ਸਵੇਰੇ ਉੱਠ ਕੇ ਇਸ਼ਨਾਨ ਕਰਨਾ, ਨਿੱਤਨੇਮ ਕਰਨਾ ਅਤੇ ਗੁਰਦੁਆਰਾ ਸਾਹਿਬ ਦੀਵਾਨ ਵਿੱਚ ਹਾਜ਼ਰੀ ਭਰਨੀ। ਕੀਰਤਨ ਸਰਵਣ ਕਰਨਾ ਅਤੇ ਆਪ ਵੀ ਕੀਰਤਨ ਰਾਹੀਂ ਸਾਧ ਸੰਗਤ ਨੂੰ ਅਕਾਲ ਪੁਰਖ ਵਾਹਿਗੁਰੂ

ਨਾਲ ਜੋੜਨਾ ਬੜੀ ਵੱਡੀ ਪੰਥਕ ਸੇਵਾ ਸੀ। ਭਿੰਡਰਾਂ ਟਕਸਾਲ ਦਾ ਪਾਠੀ ਹੋਣ ਕਾਰਨ ਦਾਸ ਨੂੰ ਬੜਾ ਮਾਣ ਦੇਂਦੇ ਸਨ ਅਤੇ ਵੱਡੀ ਗੱਲ ਇਹ ਕਿ ਆਪਣੇ ਮਿੱਤਰ (ਭਾਈ ਮਾਨ ਸਿੰਘ ਸ਼ਹੀਦ) ਦਾ ਸਪੁੱਤਰ ਜਾਣ ਕੇ ਮੇਰੇ ਨਾਲ ਬਹੁਤ ਹੀ ਪਿਆਰ ਕਰਦੇ ਸਨ। ਦਾਸ ਉਨ੍ਹਾਂ ਦੇ ਇਸ ਸੰਸਾਰ ਤੋਂ ਚਲੇ ਜਾਣ ਤੇ ਅਤੇ ਸੱਚਖੰਡ ਵਿੱਚ ਵਾਸਾ ਕਰ ਜਾਣ ਤੇ, ਸੱਚ ਜਾਣਨਾ ਆਪਣੇ ਆਪ ਨੂੰ ਉਨ੍ਹਾਂ ਦੇ ਪਿਆਰਾਂ ਤੋਂ ਵਾਂਝਾ ਸਮਝਦਾ ਹੈ।

ਗਿਆਨੀ ਭੱਟਪੁਰੀ ਜੀ ਅਤੇ ਗਿ: ਬਖ਼ਸ਼ ਜੀ ਨੇ ਬੜੇ ਚਾਹਵਾਂ ਅਤੇ ਮਲਾਹਰਾਂ ਨਾਲ ਮੇਰਾ (ਕੁਲਵੰਤ ਸਿੰਘ) ਦਾ ਅਨੰਦ ਕਾਰਜ ਪਿੰਡ ਖਾਦਨਿਧਾਰ 1959 ਈਸਵੀ ਵਿੱਚ ਕੀਤਾ ਸੀ ਜੋ ਸਿੱਖਿਆ ਉਸ ਸਮੇਂ ਉਨ੍ਹਾਂ ਮੇਰੇ ਅਨੰਦ ਕਾਰਜ ਵਿੱਚ ਦਿੱਤੀ, ਉਹ ਮੈਨੂੰ ਹਾਲਾਂ ਵੀ ਯਾਦ ਹੈ ਅਤੇ ਦਾਸ ਨੇ ਉਸ ਸਿੱਖਿਆ ਅਨੁਸਾਰ ਆਪਣਾ ਜੀਵਨ ਸਿੱਖਿਆ ਰੂਪੀ ਸਾਂਚੇ ਅਨੁਸਾਰ ਢਾਲਣ ਦੀ ਕੋਸ਼ਿਸ਼ ਕੀਤੀ ਹੈ ਅਤੇ ਕਰਦਾ ਰਹਾਂਗਾ। ਮੇਰੇ ਨਾਲ ਪਿਆਰ ਹੋਣ ਕਾਰਨ ਹੀ ਉਨ੍ਹਾਂ ਨੇ ਆਪਣੇ ਸਪੁੱਤਰ ਸ: ਜਸਬੀਰ ਸਿੰਘ ਸਰਨਾ ਦੇ ਵਿਵਾਹ ਤੇ ਖ਼ੁਸ਼ੀ ਵਜੋਂ ਆਪਣੇ ਨਿਵਾਸ ਸਥਾਨ (ਭਟਪੁਰਾ ਵਿੱਚ) ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਤਾਂ ਦਾਸ ਨੂੰ ਪਾਠ ਵਿੱਚ ਸ਼ਮੂਲੀਅਤ ਕਰਨ ਲਈ ਸੱਦਾ ਪੱਤਰ ਦਿੱਤਾ। ਹਾਲਾਂ ਕਿ ਪਿੰਡ ਭਟਪੁਰਾ ਵਿੱਚ ਜਾਂ ਇਲਾਕਾ ਕਮਰਾਜ਼ ਵਿੱਚ ਹੋਰ ਵੀ ਕਾਫ਼ੀ ਪਾਠੀ ਸਿੰਘ ਸਨ ਪਰ ਉਨ੍ਹਾਂ ਟਕਸਾਲੀ ਪਾਠੀ ਹੋਣ ਕਾਰਨ ਪਿਆਰ ਤੇ ਸਤਿਕਾਰ ਦਿੱਤਾ। ਫ਼ੌਜ ਵਿੱਚ ਮੁਲਾਜ਼ਮ ਹੋਣ ਦੇ ਕਾਰਨ ਉਹ ਆਪਣੇ ਆਪ ਨੂੰ ਇਲਾਕਾ ਕਮਰਾਜ਼ ਦੀ ਸਾਧ ਸੰਗਤ ਨਾਲੋਂ ਟੁੱਟੇ ਹੋਏ ਅਨੁਭਵ ਕਰਦੇ ਸਨ, ਉਨ੍ਹਾਂ ਨੇ ਇਸ ਬਾਰੇ ਦਾਸ ਨੂੰ ਕਈ ਵਾਰ ਆਖਿਆ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹੋ ਜਿਹੇ ਪੰਥਕ ਸੇਵਕ ਕੌਮ ਵਿੱਚ ਘੱਟ ਹੀ ਪੈਦਾ ਹੁੰਦੇ ਹਨ। ਜੋ ਕੌਮ, ਦੇਸ਼ ਅਤੇ ਭਾਈਚਾਰੇ ਲਈ ਸੇਵਾ, ਸਿਮਰਨ ਅਤੇ ਕੁਰਬਾਨੀਆਂ ਕਰ ਜਾਂਦੇ ਹਨ।

ਇੱਕ ਹੋਰ ਘਟਨਾ ਦਾਸ ਨੂੰ ਯਾਦ ਆ ਗਈ ਹੈ ਕਿ ਮੇਰੇ ਦਾਦਾ ਜੀ ਅਤੇ ਭਾਈ ਮਾਨ ਸਿੰਘ ਸ਼ਹੀਦ ਦੇ ਪਿਤਾ ਸ: ਗਿਆਨ ਸਿੰਘ ਜਦੋਂ ਗੁਰਪੁਰੀ ਜਾਣ ਦੀਆਂ ਤਿਆਰੀਆਂ ਕਰ ਰਹੇ ਸਨ ਤਾਂ ਇੱਕ ਦਿਨ ਉਨ੍ਹਾਂ ਨੇ ਮੈਨੂੰ ਕੋਲ ਬੁਲਾ ਕੇ ਹਦਾਇਤ ਕੀਤੀ ਕਿ ਬੇਟੇ ਮੇਰੇ ਇਸ ਸੰਸਾਰ ਤੋਂ ਤੁਰ ਜਾਣ ਬਾਅਦ 'ਸ੍ਰੀ ਅਖੰਡ ਪਾਠ ਸਾਹਿਬ' ਆਰੰਭ ਕਰਨਾ ਅਤੇ ਪਾਠੀ ਸਿੰਘਾਂ ਵਿੱਚ ਗਿ: ਸੰਤ ਸਿੰਘ ਭਟਪੁਰੀ ਅਤੇ ਗਿ: ਈਸ਼ਰ ਸਿੰਘ ਬਖ਼ਸ਼ ਜੀ ਨੂੰ ਪਾਠ ਵਿੱਚ ਸ਼ਾਮਲ ਕਰਨ ਲਈ ਜ਼ਰੂਰ ਲਿਆਉਣਾ। ਜਦੋਂ ਮੈਂ ਦਾਦਾ ਜੀ ਦੇ ਹੁਕਮ ਅਨੁਸਾਰ ਭਟਪੁਰੀ ਸਾਹਿਬ ਦੇ ਘਰ ਬਾਰਾਮੂਲਾ 1956 ਮਾਰਚ ਵਿੱਚ ਗਿਆ ਤਾਂ ਉਹ ਫ਼ੌਜ (ਸ੍ਰੀਨਗਰ) ਵਿੱਚ ਮੁਲਾਜ਼ਮ ਹੋ ਗਏ ਸਨ ਜਿਸ ਕਾਰਨ ਉਹ ਨਾ ਆ ਸਕੇ ਅਤੇ ਗਿਆਨੀ ਬਖ਼ਸ਼ ਜੀ ਪਹੁੰਚ ਗਏ। ਇਹ ਦੱਸਣ ਤੋਂ ਭਾਵ ਹੈ ਕਿ ਸਾਡੇ ਬਜ਼ੁਰਗਾਂ ਨੂੰ ਗਿਆਨੀ ਭਟਪੁਰੀ ਸਾਹਿਬ ਨਾਲ ਕਿਤਨਾ ਪਿਆਰ ਅਤੇ ਲਗਾਵ ਸੀ। ਗੁਰਵਾਕ ਹੈ-

*'ਗੁਰਸਿਖਾਂ ਇਕੋ ਪਿਆਰ, ਗੁਰਮਿਤਾਂ, ਪੁਤਾਂ ਭਾਈਆਂ'*

ਕਾਸ਼! ਅੱਜ ਵੀ ਕੌਮ ਵਿੱਚ ਪੁਰਾਤਨ ਗੁਰਸਿੱਖਾਂ ਵਾਲਾ ਪਿਆਰ, ਸਤਿਕਾਰ ਅਤੇ ਮਾਣ ਇੱਕ ਦੂਜੇ ਲਈ ਪੁਨਰ ਜਨਮ ਲਵੇ ਤਾਂ ਜੋ ਕੌਮ ਦੀ ਕਾਇਆ ਦੀ ਕਲਪ (ਪਲਟ) ਜਾਏ ਅਤੇ ਨਵੀਂ ਰੂਹ ਫੂਕੀ ਜਾਏ ਤਾਂ ਜੋ ਇਹ ਨਫ਼ਰਤ ਦੀਆਂ ਗੰਦੀਆਂ ਸੜੀਆਂ ਹਵਾਵਾਂ ਰਫੂਚੱਕਰ ਹੋ ਜਾਣ ਅਤੇ ਸਿੱਖ ਕੌਮ ਸੁੱਖ ਦਾ ਸਾਹ ਲੈ ਸਕੇ।


Communication Centre
Formal Restaurants
Exhibition Rooms
Accommodation
Tours & Travels
Informal Eating
Conferencing
Floral Shop
Seminars

THE AROMA
**Sector: 22 - C, Chandigarh,**
**Ph.:** 700045-48 **Fax** : 0172-700051
**E-mail** : hotelaroma@glide.net.in
**Website** : www.hotelaroma.com

Premium Event Centre
Millennium Centre
Deliberations
Abhinandan
Exporama
Mind Set
Phulkari
Art Craft

*Metres and metres of endless possibilities*

# ਗਿਆਨੀ ਸੰਤ ਸਿੰਘ 'ਭਟਾਪੁਰੀ ਜੀ'

ਜਰਨੈਲ ਸਿੰਘ 'ਗੁਲਾਬ'

ਇਸ ਸਵਰਗੇ ਦੀ ਧਰਤੀ ਉੱਤੇ
ਪਿੰਡ 'ਭਟਾਪੁਰ' ਬਾਰਾਮੁਲੇ ਦਾ
ਜ਼ਿਕਰ ਜ਼ਬਾਂ ਤੇ ਜਦ ਵੀ ਆਉਂਦਾ
ਸਾਡੇ ਮਨ ਦੀਆਂ ਅੱਖਾਂ ਅੱਗੇ
ਸਹਿਜ ਸੁਭਾਏ ਆ ਜਾਂਦਾ ਹੈ
ਮਨ-ਮੋਹਣਾ ਇੱਕ ਪਿਆਰਾ ਮੁਖੜਾ
ਮਾਣ ਸਮੇਂ ਦਾ, ਹੰਸ ਨਿਮਾਣਾ;
'ਗਿਆਨੀ ਸੰਤ ਸਿੰਘ ਭਟਾਪੁਰੀ ਜੀ।'

ਵਾਹ! ਮਿਠਬੋਲੇ ਕੀਰਤਨ ਰਸੀਏ
ਤੇਰੀ ਯਾਦ ਸਤਾਵੇ ਸਾਨੂੰ
ਤੇਰਾ ਮਿਲਨਾ ਭਾਉ 'ਪ੍ਰੀਤੀ'
ਜਦ ਵੀ ਚੇਤੇ ਆਵੇ ਸਾਨੂੰ,
ਨੈਣ ਤਰਸਦੇ ਹੰਝੂ ਕੇਰਨ
ਬ੍ਰਿਹਾ ਦਾ ਦੁਖ ਖਾਵੇਂ ਸਾਨੂੰ।
ਤੇਰੇ ਵਰਗਾ ਗੁਝਾ ਹੀਰਾ
ਹੁਣ ਨਾ ਕਿਧਰੇ ਧਾਵੇ ਸਾਨੂੰ
ਉਹ ਤਾਂ ਸੀ ਵਿਸ਼ਵਾਸ਼ ਸਮੇਂ ਦਾ
ਗਿਆਨੀ ਸੰਤ ਸਿੰਘ ਭਟਾਪੁਰੀ ਜੀ।

ਸਦਨ ਤੇਰਾ ਸੀ ਉਦਮੀ ਡੇਰਾ
ਹਰ ਕੋਈ ਸਮਝੇ 'ਇਹ ਘਰ ਮੇਰਾ'
ਹਸ ਕੇ ਸੇਵਾ ਭਾਉ ਨਿਭਾਂਦੇ
ਪੱਥਰ ਦਿਲ ਸੀ ਮੋਮ ਬਣਾਂਦੇ,
ਜਿਸ ਮਹਿਫਲ ਵਿੱਚ ਜਾ ਸਜਦੇ ਸੀ
ਉੱਥੇ ਸੀ ਚੰਨ ਚਾਰ ਲਗਾਂਦੇ
ਸੁੱਚੇ, ਸਾਧੇ, ਜੀਵਨ ਵਾਲੇ
ਗਿਆਨੀ ਸੰਤ ਸਿੰਘ ਭਟਾਪੁਰੀ ਜੀ।

ਜ਼ਿੰਦਗੀ ਭਰ ਤਾਂ ਤੁਸੀਂ ਪਿਆਰੇ
ਕਰਦੇ ਰਹੇ ਨਿਤੁ ਧਰਮੀ ਕਾਰੇ,
ਸਿਖ ਇਤਿਹਾਸ ਤੇ ਗੁਰੂ ਕਥਾਵਾਂ
ਗੁਰਬਾਣੀ ਦੇ ਚਲਨ ਫੁਹਾਰੇ
ਸੱਚ, ਮਨੁਖਤਾ, ਕੌਮ, ਧਰਮ ਦੇ

ਕੰਮਾਂ ਦੇ ਵਿੱਚ ਹਿੱਸੇ ਪਾਏ
ਕਦੀ ਨਾ ਡਿੱਗੇ ਕਦੀ ਨਾ ਡੋਲੇ
ਤੱਕ ਕੇ ਰਾਹਾਂ ਵਿੱਚ ਅੰਗਾਰੇ,
ਸਭ ਲੋਕਾਂ ਦੇ ਹਰਮਨ ਪਿਆਰੇ
ਗਿਆਨੀ ਸੰਤ ਸਿੰਘ 'ਭਟਾਪੁਰੀ ਜੀ'

ਤੇਰੇ ਘਰ ਦੇ ਅੰਬਰ ਵਿਹੜੇ
ਰੱਬ ਨੇ ਐਸਾ ਬਾਗ ਲਗਾਇਆ।
ਜਿਹਦਾ ਇੱਕ ਇੱਕ ਫੁੱਲ ਤੇ ਬੂਟਾ
ਬਹੁਮੁਲਾ ਕੌਮੀ ਸਰਮਾਇਆ
'ਇਨਕਬਾਲੀ' ਵਰਗੇ ਰੁੱਖਾਂ
ਮਾਂ ਬੋਲੀ ਦਾ ਮਾਣ ਵਧਾਇਆ
'ਸਰਨਾ' ਨਾਂ ਦੇ ਕੇਸਰ ਫੁੱਲਾਂ
ਹਰ ਮਹਿਫਲ ਨੂੰ ਹੈ ਮਹਿਕਾਇਆ
ਅਦਬੀ ਨੁਸਖੇ, ਰੌਚਕ-ਤੋਹਫੇ
ਸਾਹਿਤ ਦਾ ਅਤਿ ਮਾਨ ਵਧਾਇਆ
ਮਾਣ ਉਨ੍ਹਾਂ ਤੇ ਕੌਮ ਵਤਨ ਨੂੰ
ਕੋਲ ਜਿਨ੍ਹਾਂ, ਕਲਮੀ ਸਰਮਾਇਆ
ਯਾਦ ਜਿਨ੍ਹਾਂ ਦੀ ਮੁੜ ਮੁੜ ਆਵੇ
ਉਹ ਸਨ ਸੰਤ ਸਿੰਘ ਭਟਾਪੁਰੀ ਜੀ।

ਕਿੱਥੇ ਗਇਉਂ ਵਾਦੀ ਦੇ ਚੰਨਾ
ਤੇਰੇ ਬਾਝ ਹਨੇਰਾ ਜਾਪੇ
ਹੈ ਪ੍ਰੀਤਾਂ ਦੀ ਖੇਡ ਨਿਆਰੀ
ਕੌਣ ਵਫਾ ਦੀ ਸੀਮਾ ਨਾਪੇ?
ਜਿਸ ਤਰਫੋਂ ਵੀ ਲੰਘ ਜਾਂਦੇ ਸੀ
ਲੋਕੀ ਤਕਦੇ ਨੀਝਾਂ ਲਾ ਕੇ
ਨੀਲ ਗਗਨ ਸਰਮਈ ਸਾਫਾ
ਬਰਫੋਂ ਚਿੱਟੇ ਵਸਤਰ ਪਾ ਕੇ
ਆਖਰ, ਝੱਖੜਾਂ ਦੀਪ ਬੁਝਾਇਆ
ਢੇਰ ਦਿਲਾਂ ਤੇ ਪੀੜਾ ਢਾਹ ਕੇ
ਹੈ ਪ੍ਰਨਾਮ ਉਨ੍ਹਾਂ, ਨੂੰ ਜਿਹੜੇ
ਛੱਡ ਕੇ ਲੰਘ ਗਏ ਸੁਰਗ ਸਜਾ ਕੇ
ਗਏ 'ਗੁਲਾਬਾ' ਮਹਿਰਮ ਸੁਰਗੀ,
ਗਿਆਨੀ ਸੰਤ ਸਿੰਘ ਭਟਾਪੁਰੀ ਜੀ।

**ਅੰਮ੍ਰਿਤ ਕੀਰਤਨ** ਨੂੰ ਨਿਖਾਰਨ ਦਾ ਯਤਨ ਇੱਕ ਲਗਾਤਾਰ ਚਲਦੀ ਹੋਈ ਮੁਹਿੰਮ ਹੈ।
ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਤੁਹਾਡੇ ਸੁਝਾਵਾਂ ਦਾ ਸੁਆਗਤ ਹੈ।

# ਰੱਬਾ ਟੁੱਟੀਆਂ ਪ੍ਰੀਤਾਂ ਜੋੜਦੇ

ਗਿ: ਈਸ਼ਰ ਸਿੰਘ ਬਖਸ਼

(ਪਿਆਰੇ ਸਾਥੀ ਸਵਰਗੀ ਗਿ: ਸੰਤ ਸਿੰਘ ਭੱਟਾਪੁਰੀ ਜੀ ਨੂੰ ਕਿਸੇ ਸਮੇਂ ਇਸ ਕਵਿਤਾ ਦੁਆਰਾ ਰੋਸਾਮਲਾਲਾ ਦੂਰ ਕਰ ਗਲਵਕੜੀ ਪਾਈ ਸੀ।)

ਚਿਤ ਚੇਤੇ ਨਹੀਂ ਸੀ ਪਿਆਰ ਦਾ,
ਕਦੀ ਉਹ ਦੇ ਮਨ ਨਾ ਭਾਏਗਾ।
ਜਿਹੜਾ ਮਹਿਰਮ ਦਿਲ ਦਾ ਬਚਪਨ ਤੋਂ,
ਲਗੀਆਂ ਨਾ ਤੋੜ ਨਿਭਾਏਗਾ।
ਕਲਜੁਗ ਇੱਕ ਘੜੀ ਵਿਛੋੜੇ ਦੀ,
ਸਾਲਾਂ ਤੱਕ ਯਾਦ ਭੁਲਾਏਗਾ।
ਲਾਂਘੇ ਔਖੇ ਸੱਤਾਂ ਸਮੁੰਦਰਾਂ ਦੇ,
ਉਹ ਅੱਠਵਾਂ ਹੋਰ ਰਲਾਏਗਾ।
ਤੈਨੂੰ ਪਿਆਰ ਦੀ ਸਹੁੰ ਪਾ ਕਹਿੰਦਾ ਹਾਂ,
ਇਸ ਚੰਦਰੇ ਹਠ ਨੂੰ ਛੋੜ ਦੇ।
ਮੈਂ ਤੂੰ ਹੋਵਾਂ, ਤੂੰ ਮੈਂ ਹੋਵੇਂ,
ਰੱਬਾ ਟੁਟੀਆਂ ਪ੍ਰੀਤਾਂ ਜੋੜ ਦੇ।
ਉਹ ਸਾਥੀ ਕਾਹਦਾ ਅੱਧ ਵਾਟੇ,
ਉਹ ਸਾਥੀ ਛੋੜ ਕੇ ਨਸ ਜਾਵੇ,।
ਵਿੱਚ ਸੁਖਾਂ ਦੇ ਨੇੜੇ ਆ ਬੈਠੇ,
ਕੰਡ ਦੁਖਾਂ ਦੇ ਵੇਲੇ ਦੱਸ ਜਾਵੇ।
ਕਿਤੇ ਭੁੱਲ ਭੁਲੇਖੇ ਮਿਲ ਜਾਵੇ,
ਤਾਂ ਉਪਰੋਂ ਉਪਰੋਂ ਹਸ ਜਾਵੇ।
ਪਰ ਦਿਲ ਤੜਪੇ ਹਉਕੇ ਭਰ ਭਰ ਕੇ,
ਜਿਵੇਂ ਜਾਲ 'ਚ ਮੱਛੀ ਫਸ ਜਾਵੇ।
ਮੈਂ ਸਾਥੀ ਸਾਥ ਨਾ ਛੱਡਾਂਗਾ,
ਫੜ੍ਹ ਗਿਚੀ ਭਾਵੇਂ ਮੋੜ ਦੇ।
ਡੁਲ੍ਹੇ ਬੇਰਾਂ ਦਾ ਅਜੇ ਕੁਝ ਵਿਗੜਿਆਂ ਨਹੀਂ,
ਰੱਬਾ ਟੁੱਟੀਆਂ ਪ੍ਰੀਤਾਂ ਜੋੜ ਦੇ।
ਇਹ ਜ਼ਿੰਦਗੀ ਮੌਜ ਬਹਾਰਾਂ ਦੀ,
ਬਹੁਤੀ ਲੰਘ ਗਈ ਥੋੜੀ ਰਹਿੰਦੀ ਏ।
ਕੰਨਾਂ ਵਿੱਚ ਸੋਆਂ ਪੈਂਦੀਆ ਨੇ,
ਜਿਵੇਂ ਮਾਂ ਪੁੱਤ ਨੂੰ ਕਹਿੰਦੀ ਏ।
ਜੁਗ ਜੁਗ ਜੀਵੋ ਮੇਰੇ ਲਾਡਲਿਉ,
ਕਠੇ ਵੇਖ ਤੁਸਾਂ ਭੁਖ ਲਹਿੰਦੀ ਏ।
ਸਦਾ ਸੁਖੀ ਵਸੋਂ ਇਨ੍ਹਾਂ ਸੁਖਾਂ ਲਈ,
ਮੇਰੀ ਜ਼ਿੰਦਗੀ ਦੁਖੜੇ ਸਹਿੰਦੀ ਏ।
ਰੱਬਾ! ਸ਼ੁਭ ਅਸੀਸਾਂ ਦਾ ਸਦਕਾ,
ਸਾਡੀ ਪ੍ਰੀਤ ਪਹੁੰਚਾ ਤੂੰ ਤੋੜ ਦੇ।
ਬਣੇ ਭਟਪੁਰੀ ਬੇਗਮਪੁਰੀ,
ਰੱਬਾ ਟੁਟੀਆਂ ਪ੍ਰੀਤਾਂ ਜੋੜਦੇ।

*('ਕਾਵਿ ਪਟਾਰੀ' ਸ਼ਿਕਾਗੋ: ਯੂ. ਐਸ. ਏ., 1994) 'ਚੋਂ ਧੰਨਵਾਦ ਸਹਿਤ*

## ਤਿਆਰ-ਬਰ-ਤਿਆਰ ਸਿੰਘ

ਸ੍ਰ. ਕਰਤਾਰ ਸਿੰਘ ਟੰਗਾਮੂਲਾ (ਕਸ਼ਮੀਰ)
ਸਾਬਕਾ ਜਨਰਲ ਸਕੱਤਰ ਸਟੇਟ ਅਕਾਲੀ ਦਲ, ਜੰਮੂ ਕਸ਼ਮੀਰ

ਗਿਆਨੀ ਸੰਤ ਸਿੰਘ ਭਟਪੁਰੀ ਪੰਜਾਬੀ ਸੂਬਾ ਮੋਰਚੇ ਵਿਖੇ ਗ੍ਰਿਫਤਾਰ ਹੋਣ ਤੋਂ ਬਾਅਦ ਜਦ ਰਿਹਾ ਹੋਕੇ ਕਸ਼ਮੀਰ ਆਏ ਤਾਂ ਆਪ ਜੀ ਪੰਥਕ ਰੰਗਤ ਨਾਲ ਰੰਗੇ ਹੋਏ ਸਨ। ਆਪ ਜੀ ਨੂੰ ਅਕਾਲੀ ਜੱਥਾ ਕਾਮਰਾਜ਼ ਦਾ ਜਥੇਦਾਰ ਚੁਣਿਆ ਗਿਆ। ਆਪ ਜੀ ਦੀ ਚੋਣ ਸਰਬ ਸੰਮਤੀ ਨਾਲ ਸਟੇਟ ਅਕਾਲੀ ਦਲ ਜੰਮੂ-ਕਸ਼ਮੀਰ ਦੇ ਜਨਰਲ ਸਕੱਤਰ ਸ੍ਰ. ਕਰਤਾਰ ਸਿੰਘ (ਟੰਗਾਮੂਲਾ) ਦੀ ਕਿਆਦਤ ਵਿੱਚ ਹੋਈ। ਆਪ ਜੀ ਪੰਥਕ ਜਜ਼ਬੇ ਤਹਿਤ ਜਥੇਬੰਦੀ ਵਿੱਚ ਰੂਹ ਫੂਕ ਦਿੱਤੀ ਤੇ ਜਥੇਬੰਦੀ ਚੜ੍ਹਦੀਕਲਾ ਵਿੱਚ ਵਧਦੀ ਗਈ। ਆਪ ਜੀ ਦੀ ਕਿਆਦਤ ਵਿੱਚ ਕਈ ਦੀਵਾਨ ਤੇ ਕਨਵੈਨਸ਼ਨਾਂ ਹੋਈਆਂ। ਆਪ ਜੀ ਤੇ ਵਾਹਿਗੁਰੂ ਦੀ ਅਪਾਰ ਕ੍ਰਿਪਾ ਸੀ ਕਿ ਆਪ ਜੀ ਕੀਰਤਨ ਤੇ ਮਨਹੋਰ ਵਿਖਿਆਨ ਦੁਆਰਾ ਸਿੱਖ ਸੰਗਤਾਂ ਨੂੰ ਕੀਲ ਲੈਂਦੇ ਸਨ ਅਤੇ ਉਨ੍ਹਾਂ ਦੀ ਕਥਨੀ ਔਰ ਕਰਣੀ ਇੱਕ ਸੀ। ਆਪ ਜੀ ਦੀ ਸੇਧ ਕਾਰਨ ਕਈ ਕੱਚਿਆ ਪਿਲਿਆਂ ਨੇ ਰਹਿਤ-ਮ੍ਰਯਾਦਾ ਨੂੰ ਧਾਰਨ ਕੀਤਾ ਤੇ ਗੁਰੂ ਵਾਲੇ ਬਣੇ। ਆਪ ਜੀ ਅਕਸਰ ਅੰਮ੍ਰਿਤ ਛਕਣ ਦੇ ਪ੍ਰੋਗਰਾਮਾਂ ਵਿਖੇ ਇੱਕ ਪੰਜ ਪਿਆਰੇ ਦੇ ਤੌਰ ਤੇ ਸ਼ਾਮਲ ਹੁੰਦੇ ਸਨ। ਆਪ ਜੀ ਹਰ ਸਮੇਂ ਤਿਆਰ-ਬਰ-ਤਿਆਰ ਸੋਹਣੀ ਰਹਿਣੀ-ਬਹਿਣੀ ਵਿੱਚ ਵਿਚਰਦੇ ਸਨ।

## ਧਾਰਮਿਕ ਨੇਤਾ - ਗਿਆਨੀ ਭਟਪੁਰੀ ਜੀ

ਸ੍ਰ. ਸੁਰਜੀਤ ਸਿੰਘ ਬਾਦਲ
ਸਪੁੱਤਰ ਸ੍ਰ. ਕਰਤਾਰ ਸਿੰਘ ਕੋਮਲ
ਪ੍ਰਧਾਨ ਰਿਆਸਤੀ ਯੂਥ ਅਕਾਲੀ ਦਲ ਕਸ਼ਮੀਰ (4-4-1995)
ਪਿੰਡ ਫੌਜੀਪੁਰਾ ਖਾਸ, ਤਹਿਸੀਲ ਬੇਰਵਾ, ਬਡਗਾਮ, ਕਸ਼ਮੀਰ

ਗਿਆਨੀ ਸੰਤ ਸਿੰਘ ਜੀ ਭਟਪੁਰੀ, ਸਾਡੀ ਰਿਆਸਤ ਕਸ਼ਮੀਰ ਦੇ ਇੱਕ ਮੁਮਤਾਜ਼ ਸ਼ਖਸੀਅਤਾਂ ਵਿੱਚੋਂ ਇੱਕ ਸਨ। ਆਪ ਜੀ ਪ੍ਰਸਿੱਧ ਅਕਾਲੀ ਨੇਤਾ ਸ੍ਰ. ਸੰਤ ਸਿੰਘ ਤੇਗ ਅਤੇ ਜਰਨਲ ਸਕੱਤਰ ਸ਼੍ਰੋਮਣੀ ਖਾਲਸਾ ਦਰਬਾਰ ਸ੍ਰ. ਕਰਤਾਰ ਸਿੰਘ ਕੋਮਲ ਦੇ ਕਰੀਬੀ ਸਾਥੀਆਂ ਵਿੱਚੋਂ ਸਨ। ਗਿਆਨੀ ਸੰਤ ਸਿੰਘ ਭਟਪੁਰੀ ਜੀ ਨੇ ਤੇਗ਼ ਸਾਹਿਬ ਅਤੇ ਕੋਮਲ ਜੀ ਵਾਂਗ ਹੀ ਮਹੰਤ ਸ਼ਾਹੀ ਦੇ ਖ਼ਿਲਾਫ਼ ਹੋਈ ਜਦੋ ਜਹਿਦ ਵਿੱਚ ਪੂਰਾ ਪੂਰਾ ਸਾਥ ਦਿੱਤਾ। ਰਿਆਸਤੀ ਅਕਾਲੀ ਦਲ ਜੰਮੂ ਕਸ਼ਮੀਰ ਨੂੰ ਹਰ ਸਮੇਂ ਮਜ਼ਬੂਤ ਕੀਤਾ। ਗਿਆਨੀ ਜੀ ਪੰਥ ਰਤਨ ਅਕਾਲੀ ਕੌਰ ਸਿੰਘ ਅਤੇ ਗਿ: ਕਰਤਾਰ ਸਿੰਘ ਕੋਮਲ ਵਾਂਗ ਪੂਰਨ ਗੁਰਸਿੱਖ ਸਨ ਅਤੇ ਕੌਮ ਦੀ ਚੜ੍ਹਦੀਕਲਾ ਲਈ ਹਮੇਸ਼ਾਂ ਤੱਤਪਰ ਰਹਿੰਦੇ ਸਨ। ਮੈਂ ਹਮੇਸ਼ਾਂ ਗਿਆਨੀ ਜੀ ਦਾ ਹੁਕਮ ਮੰਨਦਾ ਸਾਂ ਅਤੇ ਜਦੋਂ ਵੀ ਗੁਰਦੁਆਰਾ 2 ਐਫ. ਉ. ਡੀ. ਭਾਰੀ ਦੀਵਾਨਾਂ ਵਿੱਚ ਜਾਂਦਾ ਤਾਂ ਉਹ ਮੈਨੂੰ ਕਵਿਤਾਵਾਂ ਸੁਣਾਉਣ ਲਈ ਸਮਾਂ ਦੇਂਦੇ ਰਹਿੰਦੇ।

ਗਿਆਨੀ ਜੀ ਇੱਕ ਚੰਗੇ ਕੀਰਤਨੀਏ ਅਤੇ ਢਾਡੀ ਵਾਰਾਂ ਗਾਉਂਦੇ ਸਨ ਅਤੇ ਗੁਰਮਤਿ ਦੇ ਪ੍ਰਚਾਰ ਲਈ ਹਮੇਸ਼ਾਂ ਅੱਗੇ ਅੱਗੇ ਰਹਿੰਦੇ। 1960 ਵਿੱਚ ਪੰਜਾਬੀ ਸੂਬਾ ਮੋਰਚੇ ਵਿੱਚ ਤੇਗ ਸਾਹਿਬ ਨਾਲ ਕਈ ਵੇਰ ਜੇਲ੍ਹ ਯਾਤਰਾ ਕੀਤੀ। ਗਿਆਨੀ ਜੀ ਹਮੇਸ਼ਾਂ ਸਵੇਰੇ ਚਾਰ ਵਜੇ ਉੱਠ ਕੇ ਇਸ਼ਨਾਨ ਕਰਦੇ ਅਤੇ ਨਿੱਤਨੇਮ ਵਿੱਚ ਜੁੜ ਜਾਂਦੇ ਸਨ। ਗਿਆਨੀ ਜੀ ਦੇ ਅਕਾਲ ਚਲਾਣਾ ਕਰ ਜਾਣ ਕਾਰਨ, ਪੰਥ ਨੂੰ ਬੜਾ ਹੀ ਘਾਟਾ ਪਿਆ ਹੈ ਜਿਸ ਦਾ ਪੂਰਾ ਹੋਣਾ ਮੁਸ਼ਕਲ ਹੈ।

ਰਾਗੀ ਜਥਾ ਡਾ. ਜਾਗੀਰ ਸਿੰਘ (ਚੰਡੀਗੜ੍ਹ) ਦੇ ਕੀਰਤਨ ਦੀਆਂ ਟੇਪਾਂ ਪ੍ਰਾਪਤ ਕਰਨ ਲਈ ਸੰਪਰਕ ਕਰੋ।

ਅੰਮ੍ਰਿਤ ਕੀਰਤਨ ਟ੍ਰਸਟ
422, ਸੈਕਟਰ 15-A, ਚੰਡੀਗੜ੍ਹ
ਫੋਨ-772660

ਅੰਮ੍ਰਿਤ ਵਰਖਾ
7/1, ਵੈਸਟ ਪਟੇਲ ਨਗਰ, ਨਵੀਂ ਦਿੱਲੀ
ਫੋਨ-5742058

# BAISAKHI AT AMRITSAR

## Lt. Col. S. Mahindroo

The Sun entered Aries bringing abandon and beauty to Kashmir. The 'Charry pink and apple blossoms white' at our Moghul Gardens, were heady. It was new years day and festifun time. It was Vaisakhi.

All army units got a face lift in Saffron, Ochre and Rangoli. There was of course the Bhangra.

Mild monghts were cast to Vishnu's Sixth Avatara; the Pandava Arjuna at Pinjore; Siddhartha turning Buddha; Shanvara Shankara Charya in memory of whom we have whole hill, here; the 'Saint Soldiers' of 1699, fed with purity (Khalsa) and pride (Singh) by the Daswen Padshah (Guru Gobind Singh); the proclamation of Sher-i-Punjab Ranjit Singh in 1801; the 1919 massacre at Jallianwala, the 49th congress session in 1936.

In and ordnance Depot, all while saint soldiers, including their chief ordnance officer, Lientenant colonel R.K. Ghai joined in the cooking (and eating) at the Langar. The day began in memory of the Khalsa Panth, the Ardas with Kirtan at the Depot Gurdwara and culminated in the Langar. The Depot Granthi Giani Sant Singh Bhatpuri speaks to the men of the saint soldiers and the tenants laid down by guru Gobind Singh Ji at Keshgarh Sahib in 1699 - of lust, faith in truth, and the sacrifice of Kritnash (occupation) Kulnash (family). Dharinash (beliefs), Karamnash (action) and Rithnash (customs).

*Courtesy:* 'Sainik Samachar' English, June 7, 1981

# ਮੇਰੇ ਭਾਪਾ ਜੀ

## ਡਾ. ਜਸਬੀਰ ਸਿੰਘ ਸਰਨਾ

ਮੇਰੇ ਭਾਪਾ ਜੀ (ਗਿਆਨੀ ਸੰਤ ਸਿੰਘ ਭਟਪੁਰੀ) ਦਾ ਜਨਮ 1916 ਸੀ. ਈ. ਨੂੰ ਪਿੰਡ ਭਟਪੁਰਾ ਭਾਈ ਸਰਦਾਰ ਸਿੰਘ ਨੰਬਰਦਾਰ ਦੇ ਘਰ ਮਾਤਾ ਗੋਪੀ ਕੌਰ ਦੀ ਕੁੱਖੋਂ ਹੋਇਆ। ਭਾਈ ਸਰਦਾਰ ਸਿੰਘ 1947 ਤੋਂ ਪਹਿਲਾਂ ਬੜੇ ਮੰਨੇ ਹੋਏ ਅਖੰਡ ਪਾਠੀ ਸਿੰਘ ਸਨ ਅਤੇ ਕਸ਼ਮੀਰ ਵਿੱਚ ਸੂਝਵਾਨ, ਰਹਿਣੀ-ਬਹਿਣੀ ਵਾਲੇ ਸਿੰਘਾਂ ਵਿੱਚੋਂ ਗਿਣੇ ਜਾਂਦੇ ਸਨ।

ਗਿਆਨੀ ਸੰਤ ਸਿੰਘ ਜੀ ਦਾ ਵਿਆਹ ਬੀਬੀ ਸੁਸ਼ੀਲ ਕੌਰ ਨਾਲ ਹੋਇਆ ਜਿਸ ਦੀ ਕੁੱਖੋਂ ਪੰਜ ਪੁੱਤਰੀਆਂ ਅਤੇ ਤਿੰਨ ਸਪੁੱਤਰ ਹੋਏ (ਸ੍. ਕੀਰਤ ਸਿੰਘ ਇਨਕਲਾਬੀ, ਸ੍. ਜਸਬੀਰ ਸਿੰਘ ਸਰਨਾ ਅਤੇ ਸ੍. ਰਾਜਿੰਦਰ ਪਾਲ ਸਿੰਘ) ਮੁੱਢਲੀ ਧਾਰਮਿਕ ਵਿੱਦਿਆ ਆਪਦੇ ਬਜ਼ੁਰਗਾਂ ਤੋਂ ਪ੍ਰਾਪਤ ਹੋਈ ਅਤੇ ਜਵਾਨੀ ਵਿੱਚ ਪੈਰ ਰੱਖਿਆ ਤਾਂ ਆਪ ਅੰਮ੍ਰਿਤਸਰ ਗੱਤਕਾ ਕਲਾਸ ਵਿੱਚ ਭਰਤੀ ਹੋ ਗਏ। ਪਹਿਲਾਂ ਇਨ੍ਹਾਂ ਤਬਲਾ ਆਪਣੇ ਪਿਤਾ ਸ੍. ਸਰਦਾਰ ਸਿੰਘ ਤੋਂ ਸਿੱਖਿਆ ਅਤੇ ਬਾਅਦ ਵਿੱਚ ਕੀਰਤਨ (ਵਾਜਾ) ਬਿਨਾਂ ਕਿਸੇ ਉਸਤਾਦ ਦੇ ਆਪ ਸਿੱਖਿਆ। ਅੰਮ੍ਰਿਤਸਰ ਗੱਤਕਾ ਕਲਾਸ ਅਤੇ ਦਰਬਾਰ ਸਾਹਿਬ ਵਿਖੇ ਸੇਵਾ ਕਰਕੇ ਬਾਅਦ ਵਿੱਚ ਪੰਜ ਕੁ ਸਾਲਾਂ ਬਾਅਦ ਆਪਣੇ ਪਿੰਡ ਭਟਪੁਰਾ (ਕਸ਼ਮੀਰ) ਵਿੱਚ ਆ ਗਏ। ਕਾਫੀ ਸਮਾਂ ਕੀਰਤਨ ਤੇ ਪ੍ਰਚਾਰ ਸਾਂਬਾ, ਸੁਜਵਾਂ, ਟਾਂਡਾ, ਨਵਾਂ ਸ਼ਹਿਰ, ਬਡਗਾਮ, ਤਰਾਲ, ਟੀਡਵਾਲ, ਕੁਪਵਾੜਾ, ਯੋਲ ਕੈਂਪ ਪੁਣਛ, ਮੁਜ਼ੱਫ਼ਰਾਬਾਦ, ਮਾਨਸੋਹਰਾ ਐਬਟਾਬਾਦ, ਬਾਲਾ ਕੋਟ, ਪੰਜਾਂ ਸਾਹਿਬ ਪਾਕਿਸਤਾਨ, ਪਠਾਨਕੋਟ, ਕਥੂਨੰਗਲ ਆਦਿ ਥਾਵਾਂ ਤੇ ਲੋਕਾਂ ਨੂੰ ਗੁਰਬਾਣੀ ਅਤੇ ਸਿੱਖ ਇਤਿਹਾਸ

ਰਾਹੀਂ ਸਿੱਖੀ ਵਿੱਚ ਪ੍ਰਪੱਕ ਕੀਤਾ। ਕੁਝ ਵਰ੍ਹੇ ਗੁਰਦੁਆਰਾ ਛੇਵੀਂ ਪਾਤਸ਼ਾਹੀ ਬਾਰਾਮੂਲਾ ਵਿੱਚ ਹਜ਼ੂਰੀ ਰਾਗੀ ਰਹਿ ਕੇ ਸੇਵਾ ਕੀਤੀ। ਫਿਰ ਫੌਜੀਆਂ ਦੀ ਅਹਿਮ ਮੰਗ ਤੇ ਆਪਣੇ ਛੋਟੇ ਭਾਈ ਸ੍ਰ. ਇਛਪਾਲ ਸਿੰਘ ਭਟਪੁਰੀ ਨਾਲ ਰਾਮਪੁਰ, ਪਰਮਪੀਲਾਂ, ਟੀਡਵਾਲ ਆਦਿ ਥਾਵਾਂ ਤੇ ਜਾ ਕੇ ਸਿੱਖ ਫ਼ੌਜੀਆਂ ਨੂੰ ਬੀਰ-ਰਸੀ ਵਾਰਾਂ ਰਾਹੀਂ ਨਿਹਾਲ ਕਰਦੇ ਰਹੇ।

ਪੂਰੇ 25 ਵਰ੍ਹੇ ਤੱਕ ਹਰ 2 ਵਿਸਾਖ ਨੂੰ ਗੁਰਦੁਆਰਾ ਤਪਿਆਨਾ ਸਾਹਿਬ, ਸਿਆਲਕੋਟ, (ਕਸ਼ਮੀਰ) ਜਾ ਕੇ ਸੰਗਤਾਂ ਨੂੰ ਕੀਰਤਨ ਰਾਹੀਂ ਨਿਹਾਲ ਕਰਦੇ ਰਹੇ। ਗਿਆਨੀ ਸੰਤ ਸਿੰਘ ਭਟਪੁਰੀ ਦਾ ਪੂਰਾ ਜੀਵਨ ਗੁਰਬਾਣੀ ਨੁਮਾ ਸੀ। ਪੁਰਾਤਨ ਬਜ਼ੁਰਗਾਂ ਵਾਂਗ ਸਵੇਰੇ 3-4 ਵਜੇ ਉੱਠ ਇਸ਼ਨਾਨ ਕਰਨਾ, ਨਿਤਨੇਮ, ਪੂਰਾ ਕਰਕੇ ਗੁਰਦੁਆਰਾ ਸਾਹਿਬ ਜਾ ਕੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਾ, ਉਨ੍ਹਾਂ ਦਾ ਜੀਵਨ ਉਦੇਸ਼ ਸੀ। ਆਪ ਜੀ ਇੱਕ ਸੁੰਦਰ ਅਤੇ ਸੁਦ੍ਰਿੜ ਸ਼ਖਸੀਅਤ ਦੇ ਮਾਲਕ ਸਨ। ਆਪ 10 ਸਾਲ ਰਿਆਸਤੀ ਅਕਾਲੀ ਦਲ ਕਮਰਾਜ ਦੇ ਜਥੇਦਾਰ ਰਹੇ। ਕਈ ਸਾਲ ਇਸੇ ਜਥੇਬੰਦੀ ਦੇ ਸਕੱਤਰ ਰਹੇ ਅਤੇ ਉਨ੍ਹਾਂ ਮੁਢਲੇ ਬਾਗਬਾਨਾਂ ਵਿੱਚੋਂ ਸਨ ਜਿਨ੍ਹਾਂ ਰਿਆਸਤੀ ਅਕਾਲੀ ਦਲ ਦੀ ਨੀਂਹ ਰੱਖੀ। ਅਕਾਲੀ ਦਲ ਦੇ ਸਿਰਕਰਦਾ ਆਗੂ ਹੋਣ ਸਮੇਂ ਆਪ ਪ੍ਰਸਿੱਧ ਅਕਾਲੀ ਨੇਤਾਵਾਂ ਮਾਸਟਰ ਤਾਰਾ ਸਿੰਘ, ਜਥੇਦਾਰ ਮੋਹਣ ਸਿੰਘ ਤੁੜ, ਜਥੇਦਾਰ ਜਗਦੇਵ ਸਿੰਘ ਤਲਵੰਡੀ, ਡਾ. ਰਾਜਿੰਦਰ ਕੌਰ, ਸ੍ਰ. ਗੁਰਚਰਨ ਸਿੰਘ ਟੌਹੜਾ ਆਦਿ ਨਾਲ ਵਿਚਰਦੇ ਰਹੇ।

ਪੰਜਾਬੀ ਸੂਬਾ ਮੋਰਚਿਆਂ ਵਿੱਚ ਆਪ ਜੀ ਦੀ ਅਹਿਮ ਭੂਮਿਕਾ ਰਹੀ ਹੈ। ਆਪ ਦਾ ਜੀਵਨ ਸੰਘਰਸ਼ਸ਼ੀਲ ਸੀ ਅਤੇ ਉਨ੍ਹਾਂ ਦੇ ਸ਼ੁਭ ਗੁਣਾਂ ਦੇ ਚਰਚੇ ਪੰਥਕ ਇਕੱਠਾਂ ਵਿੱਚ ਨਿਰੰਤਰ ਹੁੰਦੇ ਰਹਿੰਦੇ। ਪੰਜਾਬੀ ਸੂਬਾ ਮੋਰਚੇ ਵਿੱਚ ਆਪ ਨੇ ਜੰਮੂ ਕਸ਼ਮੀਰ ਪੁਣਛ ਤੋਂ ਅਨੇਕਾਂ ਜਥੇ ਪੰਜਾਬ ਵੱਲ ਰਵਾਨਾ ਕੀਤੇ ਅਤੇ ਤਕਰੀਬਨ 6 ਮਹੀਨੇ ਹਿਸਾਰ ਜੇਲ੍ਹ ਵਿੱਚ ਕੈਦ ਕੱਟੀ। ਸ੍ਰ. ਸੰਤ ਸਿੰਘ ਤੇਗ਼ ਨਾਲ ਮਿਲ ਕੇ 1947 ਦੇ ਰੀਫਿਊਜੀਆਂ ਨੂੰ ਮੁੜ ਵਸਾਣ ਵਿੱਚ ਸਹਾਇਤਾ ਕੀਤੀ।

ਆਪ ਸਰਬ ਗੁਣ ਸੰਪੰਨ ਵਿਅਕਤੀਤਵ ਦੇ ਮਾਲਕ ਸਨ। ਆਪ ਜੀ ਜੰਮੂ ਕਸ਼ਮੀਰ ਦੇ ਪਹਿਲੇ ਅਤੇ ਆਖਰੀ ਕੀਰਤਨੀਏ ਸਨ ਜੋ ਬੀਰ-ਰਸੀ ਵਾਰਾਂ ਨੂੰ ਅਨੋਖੀ ਆਵਾਜ਼ ਵਿੱਚ ਗਾਇਨ ਕਰਦੇ ਸਨ ਅਤੇ ਸਿੱਖਾਂ ਵਿੱਚ ਬੀਰ-ਰਸ ਦੀ ਤਾਸੀਰ ਜਾਗ ਉੱਠਦੀ ਸੀ।

ਇੱਕ ਸਾਲ ਲਗਾਤਾਰ ਹਰ ਐਤਵਾਰ ਗੁਰਦੁਆਰਾ ਸ਼ਾਹ ਜੀ ਮਾਰਗ (ਪੁਲਵਾਮਾ) ਚਿਨਾਰ, ਤਰਾਲ, ਢਲਵਨਾਂ, ਬਡਗਾਮ, ਕੁਪਵਾੜਾ ਆਦਿ ਵਿਖੇ ਉਚੇਚੇ ਤੌਰ ਤੇ ਸੰਗਤਾਂ ਵਿੱਚ ਹਾਜ਼ਰੀ ਭਰਦੇ ਰਹੇ। ਸਭ ਤੋਂ ਅਹਿਮ ਨੁਕਤਾ ਇਹ ਸੀ ਕਿ ਕੀਰਤਨ ਖੜੇ ਹੋ ਕੇ ਟੇਬਲ (ਮੇਜ਼) ਤੇ ਕਰਦੇ ਸਨ।

1960 ਦੇ ਕਰੀਬ ਉਹਨਾਂ ਨੂੰ ਗੁਰਦੁਆਰਾ 2 ਐਫ. ਓ. ਡੀ. ਸ੍ਰੀਨਗਰ ਵਿੱਚ ਕੀਰਤਨੀਏ ਅਤੇ ਗ੍ਰੰਥੀ ਨਿਯੁਕਤ ਕੀਤੇ ਗਏ। ਫੌਜੀ ਨੌਕਰੀ ਦੌਰਾਨ ਉਹਨਾਂ ਦੇ ਬੀਰ-ਰਸੀ ਕੀਰਤਨ ਤੋਂ ਫੌਜੀ ਝੂਮ ਉੱਠਦੇ ਸਨ ਅਤੇ ਦੇਸ਼ ਸੇਵਾ ਲਈ ਤਤਪਰ ਹੋ ਜਾਂਦੇ ਸਨ। ਫੌਜ ਵਿੱਚ ਉਹਨਾਂ ਦਾ ਸਤਿਕਾਰ ਏਨਾ ਸੀ ਕਿ ਮੇਜਰ ਰੈਂਕ ਦੇ ਸਿੱਖ ਫੌਜੀ ਉਹਨਾਂ ਦੇ ਪੈਰਾਂ ਨੂੰ ਹੱਥ ਲਾ ਕੇ ਸਤਿਕਾਰ ਪ੍ਰਗਟ ਕਰਦੇ ਸਨ। ਬ੍ਰਿਗੇਡੀਅਰ ਸ੍ਰ. ਹਰਦਿੱਤ ਸਿੰਘ ਅਤੇ ਉਹਨਾਂ ਦੀ ਧਰਮ-ਪਤਨੀ ਨੇ ਗਿਆਨੀ ਜੀ ਤੋਂ ਤਬਲਾ ਅਤੇ ਕੀਰਤਨ ਸਿੱਖਿਆ। ਇੰਜ ਹੀ ਬ੍ਰਿਗੇਡੀਅਰ ਗੁਲਾਬ ਸਿੰਘ ਦੀ ਸਪੁੱਤਰੀ ਨੂੰ ਕੀਰਤਨ ਦੀ ਦਾਤ ਬਖਸ਼ੀ। ਇੰਜ 33 ਸਾਲ ਤੱਕ ਉਹਨਾਂ ਫੌਜ ਵਿੱਚ ਰਹਿ ਕੇ ਗੁਰਬਾਣੀ ਅਤੇ ਸਿੱਖੀ ਦਾ ਪ੍ਰਚਾਰ ਕੀਤਾ। ਫੌਜੀਆਂ ਨੂੰ ਗੁਰੂ ਸਾਹਿਬਾਨ ਦੀ ਬਾਣੀ ਤੇ ਬਾਣੇ ਵਿੱਚ ਪ੍ਰਪੱਕ ਕੀਤਾ।

ਆਪ ਜੀ 20 ਅਪ੍ਰੈਲ 1993 ਨੂੰ ਥੋੜ੍ਹੇ ਚਿਰ ਬਿਮਾਰ ਰਹਿਣ ਮਗਰੋਂ ਗੁਰਪੁਰੀ ਸਿਧਾਰ ਗਏ। ਗੁਰਪੁਰੀ ਸਿਧਾਰਨ ਬਾਅਦ ਸਾਰੇ ਹੀ ਪੰਥਕ ਅਖ਼ਬਾਰਾਂ/ਰਸਾਲਿਆਂ ਨੇ ਖ਼ਬਰਾਂ ਪ੍ਰਕਾਸ਼ਤ ਕੀਤੀਆਂ। ਜਿਨ੍ਹਾਂ ਵਿੱਚੋਂ ਕਸ਼ਮੀਰ ਟਾਈਮਜ਼ (ਜੰਮੂ), ਸ੍ਰੀ ਨਗਰ ਟਾਈਮਜ਼ (ਕਸ਼ਮੀਰ), The spokesman (Delhi), The Sikh Review (Calcutta), ਸੰਤ ਸਿਪਾਹੀ (ਅੰਮ੍ਰਿਤਸਰ), ਅਜੀਤ (ਜਲੰਧਰ) ਆਦਿ ਪ੍ਰਮੁੱਖ ਹਨ।

ਭਟਪੁਰੀ ਜੀ ਦੇ ਸਾਥੀ ਗਿਆਨੀ ਈਸ਼ਰ ਸਿੰਘ ਬਖਸ਼ ਨੇ ਇੱਕ ਨਜ਼ਮ (ਡਾਢਾ ਸਲ੍ਹ ਜੁਦਾਈ ਦਾ ਲਾ ਗਿਉ) ਲਿਖੀ ਹੈ ਜੋ ਉਨ੍ਹਾਂ ਦੀ ਪੁਸਤਕ 'ਕਾਵਿ ਪਟਾਰੀ' ਵਿੱਚ ਸ਼ਾਮਲ ਹੈ। ਕੁਝ ਸਤਰਾਂ ਹਾਜ਼ਰ ਹਨ :

ਮੇਰੇ ਵਸ ਹੁੰਦਾ ਤੈਨੂੰ ਛਡਦਾ ਨਾ,

ਬੁਣਦਾ ਚਾਰ ਚੁਫੇਰੇ ਜਾਲ ਤੇਰੇ।
ਐ ਪਰ ਪਰਾਈ ਅਮਾਨਤ ਕਦ ਤੱਕ ਪਾਸ ਰਹਿੰਦੀ,
ਪੁੱਜ ਜਾਂਦੀ ਕੋਲ ਹਰ ਸਾਲ ਤੇਰੇ।
ਨਾਲ ਤਾਣ ਗੁਰਬਾਣੀ ਇਤਿਹਾਸ ਰਾਹੀਂ,
ਗੁਰਮਤਿ ਦਾ ਡੰਕਾ ਵਜਾ ਗਿਉਂ।
ਬਖਸ਼ ਨਦੀਆਂ ਵਾਹ ਵਿਛੁਨਿਆਂ ਨੂੰ,
ਡਾਢਾ ਸਲ੍ਹ ਜੁਦਾਈ ਦਾ ਲਾ ਗਿਉ।

"ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ" ਪੁਸਤਕ 'ਚੋਂ ਧੰਨਵਾਦ ਸਹਿਤ

# ਗਿਆਨੀ ਸੰਤ ਸਿੰਘ ਜੀ ਭਟਪੁਰੀ

ਮਾਸਟਰ ਠਾਕਰ ਸਿੰਘ
ਪਿੰਡ ਭਟਪੁਰਾ, ਬਾਰਾਮੂਲਾ - 193 101, ਕਸ਼ਮੀਰ

ਗਿਆਨੀ ਸੰਤ ਸਿੰਘ ਜੀ ਦਾ ਜਨਮ ਭਾਈ ਸਰਦਾਰ ਸਿੰਘ ਨੰਬਰਦਾਰ ਜੀ ਦੇ ਗ੍ਰਹਿ ਮਾਤਾ ਗੋਕਲ ਕੌਰ ਜੀ ਦੀ ਕੁੱਖੋਂ ਪਿੰਡ ਭਟਪੁਰਾ ਬਾਰਾਮੂਲਾ ਵਿੱਚ ਹੋਇਆ ਸੀ। ਗਿਆਨੀ ਸੰਤ ਸਿੰਘ ਜੀ ਮੰਨੇ ਪ੍ਰਮੰਨੇ ਕੀਰਤਨੀਏ ਸਨ। ਉਹਨਾਂ ਦਾ ਜਲਾਲੀ ਚਿਹਰਾ, ਮੋਟੀ ਸਰਬਲੋਹ ਮਣਕਿਆਂ ਦੀ ਮਾਲਾ ਤੇ ਖੱਬੇ ਪਾਸੇ ਵੱਡੀ ਸ੍ਰੀ ਸਾਹਿਬ ਸੁਭਾਇਮਾਨ ਹੁੰਦੀ ਸੀ।

ਕੀਰਤਨ ਸਮੇਂ ਮੇਜ਼ ਉੱਪਰ ਵਾਜਾ ਰੱਖ ਕੇ ਗੁਰਬਾਣੀ ਦੀ ਮਧੁਰ ਸੁਰ ਵਿੱਚ ਧਾਰਨਾ ਦੁਆਰਾ ਸ਼ਬਦ ਗਾਇਨ ਕਰਦੇ ਅਤੇ ਪਿੱਛੋਂ ਸੰਗਤਾਂ ਧੁਨੀ ਲਾਉਂਦੀਆਂ ਵਾਤਾਵਰਣ ਸੁਹਾਵਣਾ ਹੋ ਜਾਂਦਾ। ਗੁਰਬਾਣੀ ਦੇ ਮਹਾਨ ਰਸ ਨੇ ਉਹਨਾਂ ਦੇ ਅੰਦਰ ਆਤਮਕ ਬਲ ਭਰ ਦਿੱਤਾ ਜੋ ਸਾਰੇ ਸਰੀਰਕ, ਆਰਥਿਕ ਅਤੇ ਮਾਨਸਿਕ ਬਲਾਂ ਦਾ ਸਿਰਤਾਜ ਹੈ। ਉਸ ਅਮਰ ਸ਼ਕਤੀ ਦੇ ਬਲ ਕਰਕੇ ਸਰੀਰਕ ਬ੍ਰਿਧਾਪਨ ਹੋਣ ਦੇ ਬਾਵਜੂਦ ਉਨ੍ਹਾਂ ਦੇ ਅੰਦਰ ਕੰਮ ਕਰਨ ਦੀ ਲਗਨ ਤੇ ਉਤਸ਼ਾਹ ਜੁਆਨਾਂ ਤੋਂ ਵੱਧ ਦਿਸਦਾ ਸੀ।

ਇੱਕ ਦਿਨ ਡਾ. ਹਰਬੰਸ ਸਿੰਘ ਜੀ ਨੇ ਕਿਹਾ ਕਿ ਗਿਆਨੀ ਜੀ ਦੀ ਸਿਹਤ ਬਾਰੇ ਪਤਾ ਕਰੀਏ ਕਿ ਮਹੀਨਾ ਭਰ ਹੋਇਆ ਉਹ ਘਰ ਹੀ ਹਨ। ਅਸੀਂ ਦੋਵੇਂ ਉਨ੍ਹਾਂ ਦੇ ਨਿਵਾਸ ਅਸਥਾਨ ਤੇ ਗਏ, ਉਨ੍ਹਾਂ ਨਾਲ ਇਹ ਅਸਾਡੀ ਆਖਰੀ ਮੁਲਾਕਾਤ ਸੀ। ਗਿਆਨੀ ਜੀ ਨਾਲ ਅਸਾਂ ਦੋ ਘੰਟੇ ਇਕੱਠੇ ਗੁਜ਼ਾਰੇ। ਮੈਂ ਦਿਲੋਂ ਅਨੁਭਵ ਕਰਦਾ ਹਾਂ ਕਿ ਗਿਆਨੀ ਜੀ ਸਦਾ ਸਦ ਜਾਗਤ ਬ੍ਰਹਮ ਗਿਆਨੀ ਸਨ, ਅਜਿਹੀਆਂ ਮਹਾਨ ਆਤਮਾਵਾਂ ਕਦੀ ਮਰਦੀਆਂ ਨਹੀਂ। ਗਿਆਨੀ ਜੀ ਨੂੰ ਵਿਦਵਤਾ ਤੇ ਸ਼ਰਾਫ਼ਤ ਵਿਰਸੇ ਵਿੱਚ ਮਿਲੀਆਂ ਸਨ। ਆਪ ਜੀ ਨੰਬਰਦਾਰ ਕਿਸ਼ਨ ਸਿੰਘ ਜੀ ਦੇ ਪੋਤਰੇ ਸਨ। ਕਾਫੀ ਸਮਾਂ ਗਿਆਨੀ ਜੀ 2 ਐਫ. ਓ. ਡੀ. ਗੰਥੀ ਸਿੰਘ ਦੀ ਡਿਊਟੀ ਤੇ ਰਹੇ। ਨਾਮ ਜਪਣਾ, ਧਰਮ ਦੀ ਕ੍ਰਿਤ ਕਰਨੀ ਅਤੇ ਵੰਡ ਕੇ ਛਕਣਾ ਇਹ ਤਿੰਨ ਸੁਨਹਿਰੀ ਅਸੂਲ ਇਨ੍ਹਾਂ ਵਿੱਚ ਰਿਚਮਿਚ ਗਏ ਸਨ।

ਸਾਰੇ ਪਿੰਡ ਭਟਪੁਰਾ ਵਿਖੇ 1947 ਤੋਂ ਪਹਿਲਾਂ ਤਿਆਗੀ ਬੁਧ ਸਿੰਘ ਜੀ ਦੀ ਸਰਪ੍ਰਸਤੀ ਵਿੱਚ ਇੱਕ ਭਾਰੀ ਕਨਵੈਨਸ਼ਨ ਹੋਈ ਜਿਸ ਵਿੱਚ ਰਿਆਸਤ ਭਰ ਦੇ ਸਿੰਘਾਂ ਦਾ ਭਾਰੀ ਇਕੱਠ ਹੋਇਆ। ਠੇਕੇਦਾਰ ਸ. ਰੰਗੀਲ ਸਿੰਘ ਜੀ ਭਟਪੁਰਾ, ਸ੍ਰ. ਸਾਧੂ ਸਿੰਘ ਜੀ (ਚਗਲੀਘੁੰਡ) ਅਤੇ ਗਿਆਨੀ ਸੰਤ ਸਿੰਘ ਜੀ ਭਟਪੁਰੀ ਅਤੇ ਹੋਰ ਇਲਾਕੇ ਦੇ ਪਤਵੰਤੇ ਸੱਜਣਾਂ ਨੇ ਇਸ ਕਨਵੈਨਸ਼ਨ ਨੂੰ ਕਾਮਯਾਬ ਕਰਨ ਵਿੱਚ ਦਿਨ-ਰਾਤ ਇੱਕ ਕੀਤਾ।

ਗਿਆਨੀ ਜੀ ਦੇ ਧਾਰਮਿਕ ਮੈਦਾਨ ਦਾ ਕੰਮ ਵੀ ਭੁਲਾਇਆ ਨਹੀਂ ਜਾ ਸਕਦਾ। ਮੈਨੂੰ ਭਰੋਸਾ ਹੈ ਕਿ ਗਿਆਨੀ ਸੰਤ ਸਿੰਘ ਜੀ ਭਟਪੁਰੀ ਦਾ ਜੀਵਨ ਝੱਲਕੀਆਂ ਪੜ੍ਹਨ ਵਾਲੇ ਦੀ ਸੁਰਤੀ ਅਤੇ ਮਨ ਨੂੰ ਜ਼ਰੂਰ ਹੁਲਾਰਾ ਮਿਲੇਗਾ। ਪੰਜਾਬੀ ਸੂਬੇ ਬਾਰੇ ਜੰਮੂ ਕਸ਼ਮੀਰ ਦੇ ਜੇਲ੍ਹ ਜਾਣ ਵਾਲੇ ਜਥਿਆਂ ਦੀ ਅਗਵਾਈ ਕਰਨੀ ਅਤੇ ਆਪ ਕਈ ਵਾਰ ਜੇਲ੍ਹ ਵੀ ਗਏ ਸਨ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਤੋਂ ਜੋ ਵੀ ਹੁਕਮ ਮਿਲਦਾ ਸੀ ਪੂਰਾ ਪੂਰਾ ਸਾਥ ਦੇਂਦੇ ਸਨ। ਜ਼ਿੰਦਗੀ ਭਰ ਹੀ ਅਕਾਲੀ ਦਸਤਾਰ ਹੀ ਸਜਾਉਂਦੇ ਸਨ। ਸੁਰਗਵਾਸੀ ਮਹੰਤ ਬਚਿੱਤਰ ਸਿੰਘ ਜੀ ਨਾਲ

ਕਾਫ਼ੀ ਸਮਾਂ ਅੰਮ੍ਰਿਤਸਰ ਇਕੱਠੇ ਰਹੇ। ਸਾਲਾਨਾ ਦੌਰੇ ਸਮੇਂ ਇੱਕ ਵੇਰਾਂ ਮਹੰਤ ਸਾਹਿਬ ਜੀ ਸਾਡੇ ਪਿੰਡ ਦੌਰੇ ਤੇ ਆਏ, ਦਾਸ ਉਨ੍ਹਾਂ ਨਾਲ ਗ੍ਰੰਥੀ ਸਿੰਘ ਦੀ ਡਿਊਟੀ ਵਜੋਂ ਕੰਮ ਕਰ ਰਿਹਾ ਸੀ। ਵੇਲੀ ਦੇ ਦੌਰੇ ਸਮੇਂ ਮੈਨੂੰ ਨਾਲ ਲੈ ਆਉਂਦੇ ਸਨ। ਮਹੰਤ ਜੀ ਕਹਿਣ ਲਗੇ ਕਿ ਗਿਆਨੀ ਜੀ ਨੇ ਨਵਾਂ ਮਕਾਨ ਬਣਾਇਆ ਹੈ ਅਜ ਰਾਤ ਉੱਥੇ ਹੀ ਠਹਿਰਾਂਗੇ ਅਤੇ ਸਣੇ ਜਥੇ ਉੱਥੇ ਹੀ ਵਿਸ਼ਰਾਮ ਕੀਤਾ। ਨਵੇਂ ਮਕਾਨ ਬਾਰੇ ਪੁਛਣ ਲਗੇ ਨਕਸ਼ਾ ਕਿਸ ਨੇ ਦਿੱਤਾ ਹੈ. ਮੈਂ ਦਸਿਆ ਕਿ ਗਿਆਨੀ ਜੀ ਦੇ ਜਵਾਈ ਪ੍ਰਿਥੀਪਾਲ ਸਿੰਘ ਜੀ ਜੋ ਕਿ ਐਸ. ਸੀ. (ਆਰਕੀਟੈਕਟ) ਦੀ ਪੋਸਟ ਤੇ ਹਨ ਉਨ੍ਹਾਂ ਹੀ ਦਿੱਤਾ ਹੈ। ਬੜੇ ਖੁਸ਼ ਹੋਏ ਤੇ ਕਹਿਣ ਲਗੇ ਕਿ ਡਿਗਿਆਨ ਆਸ਼ਰਮ ਦੇ ਗੁਰਦੁਆਰਾ ਸਾਹਿਬ ਦਾ ਨਕਸ਼ਾ ਵੀ ਇਨ੍ਹਾਂ ਨੇ ਸ੍ਰ. ਭਗਵੰਤ ਸਿੰਘ (ਬਾਰਾਮੂਲਾ) ਨਾਲ ਮਿਲ ਕੇ ਬਣਾਇਆ ਹੈ।

ਅਕਾਲ ਪੁਰਖ ਅੱਗੇ ਦੋ ਹੱਥ ਜੋੜ ਅਰਦਾਸ ਹੈ ਕਿ ਗਿਆਨੀ ਸੰਤ ਸਿੰਘ ਜੀ ਦੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਤੇ ਪਿੱਛੇ ਪ੍ਰਵਾਰ ਨੂੰ ਭਾਣਾ ਮੰਨਣ ਦੀ ਸਮਰੱਥਾ ਪ੍ਰਦਾਨ ਕਰੇ।


*With compliments from*

Phone : (O) 3312440
Resi. : 5721753

*Sawhney Cloth House*

46, Shanker Market, Connaught Circus, New Delhi - 110 001



**Hot millions** ®

*Salad Bar & Restaurant*

*Serving Indian, Chinese, Continental & Italian Food with a regular Indian & Salad Buffet*



*For Free Home Delivery* (above Rs. 100/-)

**CHD 723333** **SALAD BAR 723222**
**PKL 579888** **MOH 264300**



SCO 76-79,(First Floor) Sector 17-E, Chandigarh. Tel: 723222, 723111, 704858

# ਡਾਢਾ ਸਲ੍ਹ ਜੁਦਾਈ ਦਾ ਲਾ ਗਿਉਂ

ਗਿ: ਈਸ਼ਰ ਸਿੰਘ ਬਖਸ਼

**(ਹਰਮਨ ਪਿਆਰੇ ਸਾਥੀ ਗਿਆਨੀ ਸੰਤ ਸਿੰਘ ਜੀ ਭਟਪੁਰੀ ਦੀ ਜੁਦਾਈ ਦਾ ਸਲ੍ਹ ਸ਼ਿਕਾਗੋ ਯੂ. ਐਸ. ਏ. ੧੭-੫-੯੩)**

ਮੇਰੇ ਹਾਣੀਆਂ ਸਾਥੀਆਂ ਪਰਮ ਮਿਤ੍ਰਾ,
ਇਹ ਕੀ ਭਾਣਾ ਤੂੰ ਵਰਤਾਇਆ ਏ।
ਕੀ ਹੋਇਆ ਭਾਰੀ ਕਸੂਰ ਸਾਥੋਂ,
ਜਾ ਦੂਰ ਕਿਧਰੇ ਡੇਰਾ ਲਾਇਆ ਏ।
ਜਿਵੇਂ ਕੋਈ ਨਾ ਜਾਣ ਪਛਾਣ ਹੁੰਦੀਂ,
ਇਵੇਂ ਜਾਣ ਕੇ ਦਗਾ ਕਮਾਇਆ ਏ।
ਵਿਛੋੜੇ ਮਹੰਤ ਜੀ ਅੱਲ੍ਹੇ ਜ਼ਖਮਾਂ ਤੇ,
ਲੂਣ ਛਿੜਕ ਵਾਂਗ ਮੱਛੀ ਤੜਫਾਇਆ ਏ।
ਦੂਰ ਸਤ ਸਮੁੰਦਰੋਂ ਪਾਰ ਬੈਠੇ,
ਮੇਰੇ ਹੋਸ਼ ਹਵਾਸ ਉਡਾ ਗਿਉਂ।
ਸੋਚਾਂ ਸੋਚਦੇ ਗੋਤੇ ਖਾਂਦੇ ਨੂੰ,
ਡਾਢਾ ਸਲ੍ਹ ਜੁਦਾਈ ਦਾ ਲਾ ਗਿਉਂ।

ਮੈਂ ਉਡੀਕਦਾ ਸਾਂ ਚਿਠੀ ਪ੍ਰੇਮ ਵਾਲੀ,
ਆ ਕੇ ਮਿਲੇਗੀ ਅੱਖਾਂ ਦੇ ਨਾਲ ਲਾਵਾਂ।
ਐਸੀ ਆਈ ਚਿੱਠੀ ਸਿਰ ਤੇ ਹਾੜ ਟੁੱਟਾ,
ਭੁਬਾਂ ਮਾਰ ਰੋਇਆ ਮੁਕ ਗਈਆਂ ਛਾਵਾਂ।
ਕੱਲੇ ਬੈਠਿਆਂ ਵਿੱਚ ਪ੍ਰਦੇਸ ਅੰਦਰ,
ਦੁਖੀ ਮਨ ਹੋਇਆ ਐਪਰ ਕਿਧਰ ਜਾਵਾਂ।
ਆ ਹੌਸਲਾ ਦਿੱਤਾ ਪਿਆਰੇ ਬੱਚਿਆਂ ਨੇ,
ਪੜ੍ਹ ਬਾਣੀ ਮਨ ਨੂੰ ਸਮਝਾਵਾਂ।
ਘਲੇ ਆਉਂਦੇ ਗੁਰਮੁਖ ਜਾਣ ਸੱਦੇ,
ਜਨਮ ਆਪਣਾ ਸਫ਼ਲ ਸਫ਼ਲਾ ਗਿਉਂ,
ਹਰਮਨ ਪਿਆਰੇ ਨੀਤੀਵਾਨ ਮਿਤ੍ਰਾ,
ਡਾਢਾ ਸਲ੍ਹ ਜੁਦਾਈ ਜੁਦਾਈ ਦਾ ਲਾ ਗਿਉਂ।

ਸਾਂਬਾ, ਸੁਜਵਾਂ, ਕਠੂਆ, ਨਵਾਂ ਸ਼ਹਿਰ, ਜੰਮੂ,
ਬਡਗਾਮ ਜਾਂ ਤੈਨੂੰ ਤਗਲ ਲੱਭਾਂ।
ਟੀਡਵਾਲ, ਕੁਪਵਾੜਾ, ਯੋਲ ਕੈਂਪ, ਪੁਣਛ,
ਢੱਕੀ ਚੜ੍ਹਦੇ ਨੂੰ ਬਨਿਹਾਲ ਲੱਭਾਂ।
ਮੁਜ਼ਫ਼ਰਾਬਾਦ, ਮਾਨਸੇਹਰਾ, ਐਬਟਾਬਾਦ,
ਬਾਲਾਕੋਟ ਵਿੱਚ ਕਰਕੇ ਕਮਾਲ ਲੱਭਾਂ।
ਪੰਜਾ ਸਾਹਿਬ, ਪਠਾਨਕੋਟ, ਕਥੂਨੰਗਲ,
ਚੁਭੀ ਲਾਉਂਦੇ ਅੰਮ੍ਰਿਤਸਰ ਤਾਲ ਲੱਭਾਂ।

ਟਾਂਡਾ ਬੁਰਜ ਦੀ ਸੰਗਤ ਉਡੀਕਦੀ ਨੂੰ,
ਸਾਂਝਾਂ ਤੋੜ ਕੇ ਲੜ ਛੁੜਾ ਗਿਉਂ।
ਮੋਹ ਪਾ ਅਧਵਾਟੇ ਛੱਡ ਸਜਣਾਂ,
ਡਾਢਾ ਸਲ੍ਹ ਜੁਦਾਈ ਦਾ ਲਾ ਗਿਉਂ।

ਹਛਾ! ਜਾ ਰਜ਼ਾ ਵਿੱਚ ਮੈਂ ਰਾਜ਼ੀ,
ਪੂਜਨੀਕ ਮਹੰਤ ਜੀ ਨਾਲ ਤੇਰੇ।
ਚਰਨਾਂ ਵਿੱਚ ਗੁਰਾਂ ਦੇ ਨਿਵਾਸ ਤੇਰਾ,
ਨਹੀਂ ਆਇਆ ਨੇੜੇ ਕਾਲ ਤੇਰੇ।
ਮੇਰੇ ਵਸ ਹੁੰਦਾ ਤੈਨੂੰ ਛਡਦਾ ਨਾ,
ਬੁਣਦਾ ਚਾਰ ਚੁਫੇਰੇ ਜਾਲ ਤੇਰੇ।
ਐਪਰ ਪਰਾਈ ਅਮਾਨਤ ਕੱਦ ਤੱਕ ਪਾਸ ਰਹਿੰਦੀ,
ਪੁਜ ਜਾਂਦੀ ਕੋਲ ਹਰ ਹਾਲ ਤੇਰੇ।
ਨਾਲ ਤਾਣ ਗੁਰਬਾਣੀ ਇਤਿਹਾਸ ਰਾਹੀਂ,
ਗੁਰਮਤਿ ਦਾ ਡੰਕਾ ਵਜਾ ਗਿਉਂ।
ਬਖਸ਼ ਨਦੀਆਂ ਵਾਹ ਵਿਛੁਨਿਆਂ ਨੂੰ,
ਡਾਢਾ ਸਲ੍ਹ ਜੁਦਾਈ ਦਾ ਲਾ ਗਿਉਂ।

*(ਕਾਵਿ ਪਟਾਰੀ, ਸ਼ਿਕਾਗੋ, ਯੂ. ਐਸ. ਏ., 1994 ਚੋਂ ਧੰਨਵਾਦ ਸਹਿਤ)*


# Never...

Never put off till tomorrow
what you can do today.

Never trouble another for
what you can do yourself.

Never spend your money
before you have it.

Never buy what you do not want
because it is cheap.

**With best compliments from a wellwisher**

## MONTHLY 'THE SIKH REVIEW', CALCUTTA

**Giani Sant Singh Bhatpuri Passes away.**

Death occurred at Baramulla (Kashmir) last spring of Giani Sant Singh. The well known Akali leader of Jammu Kashmir after illness. He was a renowned singer of Gurbani Kirtan and man of piety and character, serving for long as a functionary at Sri Darbar Sahib. He is survived, among others, by his son Jasbir Singh Sarna, journalist and commentator. We pray for the peace of the departed soul.

*S. Saran Singh*, Editor - Sept. 1993

## 'THE SPOKESMAN' WEEKLY, NEW DELHI

Cruel hands of death snatched away one of the vetern Akali leader of Jammu and Kashmir Giani Sant Singh Bhatapuri on 20th April, 1993 at Bhatpura, Baramulla (Kashmir), after a short illness. He was a rewound Kirtania with great qualities of head and heart.

Giani Sant Singh Bhatpuri was also well known in the social, political and religious circles of the state. He was one of the pillars who founded State Akali Dal Jammu & Kashmir before 1947, he remained an active Sevadar at Darbar Sahib, Amritsar. His sound Judgement and valued advice were always welcome and very helpful. He went behind bars several times for the Panthic cause, especially during Punjabi Suba agitation in Hissar Jail. He remained secretary State Akali Dal and was close associate of reputed Akali Dal leader Master Tara Singh.

In 1950, he was appointed as Granthi in army Gurdwara 2 F.O.D. Sri Nagar where he intelligibly disseminated the spiritual and temporal doctrines and philosophy of the Sikh religion to the army Jawans.

After the Bhog ceremony on 29th April 1993, many Kirtani Jathas delighted the Sangat with the recitation of Shabad Kirtan. There after glowing tributes were paid to Giani Sant Singh by well know leaders including Sardar Sant Singh Tegh, S. Kartar Singh Tungamule, S. Ranjit Singh Sirhadi, S. Ajit Singh Mastana etc. Sardar Tegh in his sentimental speech enlogised to great qualities and sacrifices of giani Bhatpuri and his illustrious family. Giani Sant Singh Bhatpuri was the father of S. Kirat Singh Inqulabi (renewed Punjabi poet) i.s. Jasbir Singh Sarna (Ex. Editor Shamshir-e-dast) and S. Rajinder Pal Singh.

24th May, 1993

## 'ਮਾਸਕ ਸੰਤ ਸਿਪਾਹੀ', ਅੰਮ੍ਰਿਤਸਰ

### ਬਾਅਦ ਆਪ ਕੇ ਮਹਫ਼ਿਲ ਮੇਂ ਅੰਧੇਰਾ ਰਹੇਗਾ (ਵਿਸ਼ੇਸ ਪ੍ਰਤੀਨਿੱਧ)

ਕੁਦਰਤ ਦਾ ਇਹ ਦਸਤੂਰ ਹੈ ਕਿ 'ਜੋ ਆਇਆ ਸੋ ਚਲਸੀ, ਸਭੁ ਕੋ ਆਈ ਵਾਰੀਐ।' ਇਹ ਦੁਨੀਆਂ ਮੁਸਾਫ਼ਰਖਾਨੇ ਦੀ ਨਿਆਈ ਹੈ। ਜੰਮੂ ਕਸ਼ਮੀਰ ਦੇ ਸੁਪ੍ਰਸਿੱਧ ਸਮਕਾਲੀ ਨੇਤਾ ਅਤੇ ਮਹਾਨ ਕੀਰਤਨੀਏ ਗਿਆਨੀ ਸੰਤ ਸਿੰਘ ਭਟਪੁਰੀ 20 ਅਪ੍ਰੈਲ 1993 ਨੂੰ ਆਪਣੀ ਜੀਵਨ ਯਾਤਰਾ ਸਮਾਪਤ ਕਰਕੇ ਅਗਲੇ ਪੰਧ ਉੱਤੇ ਰਵਾਨਾ ਹੋ ਗਏ ਹਨ। ਆਪ ਅਜੇ 77 ਸਾਲ ਦੇ ਸਨ। ਆਪਦਾ ਸਾਰਾ ਜੀਵਨ ਗੁਰਬਾਣੀ ਨੁਮਾ ਸੀ।

1947 ਤੋਂ ਪਹਿਲਾਂ ਆਪ ਦਰਬਾਰ ਸਾਹਿਬ, ਅੰਮ੍ਰਿਤਸਰ ਵਿੱਚ ਕਈ ਸਾਲ ਸੇਵਾਦਾਰ ਵਜੋਂ ਸੇਵਾ ਕਰਦੇ ਰਹੇ। ਆਪ ਇੱਕ ਸੁੰਦਰ ਅਤੇ ਸੁਦ੍ਰਿੜ ਸ਼ਖਸੀਅਤ ਦੇ ਸੁਆਮੀ ਸਨ। ਆਪ ਕਈ ਸਾਲ ਰਿਆਸਤੀ ਅਕਾਲੀ ਦਲ ਜੰਮੂ ਕਸ਼ਮੀਰ ਦੇ ਸਕੱਤਰ ਰਹੇ ਅਤੇ ਉਨ੍ਹਾਂ ਮੁੱਢਲੇ ਬਾਗਬਾਨਾਂ ਵਿੱਚੋਂ ਸਨ ਜਿਨ੍ਹਾਂ ਰਿਆਸਤੀ ਅਕਾਲੀ ਦਲ ਦੀ ਨੀਂਹ ਰੱਖੀ। ਅਕਾਲੀ ਦਲ ਦੇ ਸਰਕਰਦਾ ਆਗੂ ਹੋਣ ਸਮੇਂ ਆਪ ਪ੍ਰਸਿੱਧ ਅਕਾਲੀ ਨੇਤਾਵਾਂ ਮਾਸਟਰ ਤਾਰਾ ਸਿੰਘ, ਜਥੇਦਾਰ ਮੋਹਣ ਸਿੰਘ ਤੁੜ, ਜਥੇਦਾਰ ਜਗਦੇਵ ਸਿੰਘ ਤਲਵੰਡੀ, ਡਾ. ਰਾਜਿੰਦਰ ਕੌਰ, ਸ. ਗੁਰਚਰਨ ਸਿੰਘ ਟੌਹੜਾ ਆਦਿ ਨਾਲ ਵਿਚਰਦੇ ਰਹੇ। ਪੰਜਾਬੀ ਸੂਬਾ ਮੋਰਚਿਆਂ ਵਿੱਚ ਆਪ ਦੀ ਅਹਿਮ ਭੂਮਿਕਾ ਰਹੀ ਹੈ। ਆਪ ਦਾ ਜੀਵਨ ਸੰਘਰਸ਼ਸੀਲ ਸੀ ਅਤੇ ਉਨ੍ਹਾਂ ਦੇ ਸ਼ੁਭ ਗੁਣਾਂ ਦੇ ਚਰਚੇ ਪੰਥਕ ਇਕੱਠਾਂ ਵਿੱਚ ਨਿਰੰਤਰ ਹੁੰਦੇ ਰਹਿਣਗੇ। ਪੰਜਾਬੀ ਸੂਬਾ ਮੋਰਚੇ ਵਿੱਚ ਆਪ ਨੇ ਜੰਮੂ ਕਸ਼ਮੀਰ ਤੋਂ ਅਨੇਕਾਂ ਜਥੇ ਪੰਜਾਬ ਵੱਲ ਰਵਾਨਾ ਕੀਤੇ ਅਤੇ ਆਪ ਤਕਰੀਬਨ ਛੇ ਮਹੀਨੇ ਹਿਸਾਰ ਜੇਲ੍ਹ ਵਿੱਚ ਕੈਦ ਰਹੇ। ਸ. ਸੰਤ ਸਿੰਘ ਤੇਗ ਨਾਲ ਮਿਲ ਕੇ 1947 ਦੇ ਰੀਫ਼ਊਜੀਆਂ ਨੂੰ ਮੁੜ ਵਸਾਣ ਵਿੱਚ ਸਹਾਇਤਾ ਕੀਤੀ।

ਆਪ ਸਰਬ ਗੁਣ-ਸੰਪੰਨ ਵਿਅਕਤੀਗਤ ਦੇ ਮਾਲਕ ਸਨ। ਕੀਰਤਨ ਦੀ ਦਾਤ ਵਿਰਸੇ ਵਿੱਚੋਂ ਹੀ ਪ੍ਰਾਪਤ ਹੋਈ ਸੀ ਅਤੇ ਆਪ ਜੰਮੂ ਕਸ਼ਮੀਰ ਦੇ ਪਹਿਲੇ ਅਤੇ ਆਖਰੀ ਕੀਰਤਨੀਏ ਸਨ ਜੋ ਬੀਰ-ਰਸੀ ਵਾਰਾਂ ਨੂੰ ਅਨੋਖੀ ਅਵਾਜ਼ ਵਿੱਚ ਗਾਇਨ ਕਰਦੇ ਸਨ। ਆਪ ਸ. ਜਸਬੀਰ ਸਿੰਘ ਸਰਨਾ ਸਾਬਕਾ ਐਡੀਟਰ "ਸ਼ਮਸ਼ੀਰ-ਏ-ਦਸਤ" ਅੰਮ੍ਰਿਤਸਰ ਦੇ ਪਿਤਾ ਜੀ ਸਨ। 1950 ਵਿੱਚ ਆਪ ਆਰਮੀ ਦੇ ਗੁਰਦੁਆਰੇ ਵਿੱਚ ਬਤੌਰ ਗ੍ਰੰਥੀ ਸਿੰਘ ਨਿਯੁਕਤ ਹੋ ਗਏ ਜਿੱਥੇ ਆਪਨੇ ਤਕਰੀਬਨ 30 ਸਾਲ ਤੱਕ ਫ਼ੌਜੀਆਂ ਨੂੰ ਗੁਰੂ ਸਾਹਿਬ ਦੀ ਬਾਣੀ ਤੇ ਬਾਣੇ ਵਿੱਚ ਪ੍ਰਪੱਕ ਕੀਤਾ। ਕਈ ਫੌਜੀ ਅਫ਼ਸਰਾਂ ਨੇ ਉਨ੍ਹਾਂ ਤੋਂ ਕੀਰਤਨ ਦੀ ਦਾਤ ਲਈ ਅਤੇ ਜੀਵਨ ਗੁਰਬਾਣੀ ਨਾਲ ਸਰਸ਼ਾਰ ਕੀਤਾ। ਉਨ੍ਹਾਂ ਦੇ ਅੰਤਮ ਅਰਦਾਸ (29 ਅਪ੍ਰੈਲ 1993) ਸਮੇਂ ਅਨੇਕਾਂ ਰਾਗੀ ਜਥਿਆਂ ਨੇ ਕੀਰਤਨ ਕੀਤਾ ਅਤੇ ਪ੍ਰਸਿੱਧ ਅਕਾਲੀ ਨੇਤਾਵਾਂ ਨੇ ਉਨ੍ਹਾਂ ਦੀ ਜੀਵਨੀ ਤੇ ਰੋਸ਼ਨੀ ਪਾਈ ਜਿਨ੍ਹਾਂ ਵਿੱਚ ਸੁਪ੍ਰਸਿੱਧ ਅਕਾਲੀ ਨੇਤਾ ਜੰਮੂ ਕਸ਼ਮੀਰ ਸ. ਸੰਤ ਸਿੰਘ ਤੇਗ, ਸ. ਕਰਤਾਰ ਸਿੰਘ ਟੰਗਾਮੂਲਾ, ਸ. ਰਣਜੀਤ ਸਿੰਘ ਸਰਹਿਦੀ, ਸ. ਅਜੀਤ ਸਿੰਘ ਮਸਤਾਨਾ ਆਦਿ ਸ਼ਾਮਲ ਸਨ।

(ਜੂਨ, 1993)

## 'ਰੋਜ਼ਾਨਾ ਸ੍ਰੀਨਗਰ ਟਾਇਮਜ਼' (ਉਰਦੂ), ਕਸ਼ਮੀਰ

ਆਜ 29 ਅਪ੍ਰੈਲ ਸੁਰਗਵਾਸੀ ਅਕਾਲੀ ਲੀਡਰ ਵਾ ਸਾਬਕਾ ਸਕੱਟ੍ਰੀ ਅਕਾਲੀ ਦਲ, ਜੰਮੂ ਕਸ਼ਮੀਰ, ਗਿਆਨੀ ਸੰਤ ਸਿੰਘ ਜੀ ਭਟਪੁਰੀ ਕੇ ਦਸਿਹਰੇ ਪਰ ਭਟਪੁਰਾ (ਬਾਰਾਮੂਲਾ) ਮੇਂ ਇੱਕ ਭਾਰੀ ਦੀਵਾਨ ਮੁਨਕਿਤ ਹੋਆ। ਦੀਵਾਨ ਮੇਂ ਸਰਦਾਰ ਸੰਤ ਸਿੰਘ ਤੇਗ ਜੀ ਨੇ ਸੁਰਗੀਆ ਅਕਾਲੀ ਲੀਡਰ ਗਿਆਨੀ ਸੰਤ ਸਿੰਘ ਜੀ ਕੀ ਜ਼ਿੰਦਗੀ ਪਰ ਰੌਸ਼ਨੀ ਡਾਲੀ ਔਰ ਗਿਆਨੀ ਜੀ ਕੋ ਖ਼ਿਰਾਜ਼ ਅਕੀਦਤ ਅਦਾ ਕੀਆ।

(1 ਮਈ, 1993)

## 'ਰੋਜ਼ਾਨਾ ਮੱਸ਼ਰਕ' (ਉਰਦੂ), ਸ੍ਰੀਨਗਰ

ਸਟੇਟ ਯੂਥ ਅਕਾਲੀ ਦਲ ਕੀ ਤਰਫ਼ ਸੇ ਜਾਰੀ ਕੀਏ ਗਏ ਪ੍ਰੈਸ ਨੋਟ ਕੇ ਮੁਤਾਬਿਕ ਅਕਾਲੀ ਅਨਜਾਨੀ ਗਿਆਨੀ ਸੰਤ ਸਿੰਘ ਭਟਪੁਰੀ ਕੇ ਦੁਸਹਰੇ ਪਰ ਉਨੇਂ ਜ਼ਬਰਦਸਤ ਖੀਰਾਜੇ-ਅਕੀਦਤ ਅਦਾ ਕੀਆ ਗਿਆ। ਬਾਕੀ ਲੋਗਾਂ ਕੇ ਇਲਾਵਾ ਰਿਆਸਤੀ ਅਕਾਲੀ ਦਲ ਕੇ ਲੀਡਰ ਸੰਤ ਸਿੰਘ ਤੇਗ ਆਦਿ ਨੇ ਖ਼ਰਾਜੇ ਅਦਾ ਕਰਤੇ ਹੁਏ ਉਨੇਂ ਸਿੱਖ ਕੌਮ ਕਾ ਸੱਚਾ ਹਮਦਰਦ ਕਰਾਰ ਦਿਆ। ਜਿਨ੍ਹੂੰ ਨੇ ਨਸਬ ਸਦੀ ਤੱਕ ਕਸ਼ਮੀਰ ਮੈਂ ਕੌਮ ਕੀ ਖਿਦਮਤ ਕੀ।

(1 ਮਈ, 1993)

# ਕਲਮਾਂ ਦੀ ਖ਼ੁਸ਼ਬੂ

◆ ਮੈਂ ਬੜੇ ਦੁਖ ਨਾਲ ਲਿਖ ਰਿਹਾ ਹਾਂ ਕਿ ਸਤਿਕਾਰ ਯੋਗ ਭਟਪੁਰੀ ਸਾਹਿਬ ਨਹੀਂ ਰਹੇ। ਮੇਰੀ ਮੁਲਾਕਾਤ ਉਨ੍ਹਾਂ ਨਾਲ ਬਹੁਤ ਪਹਿਲਾਂ ਕਿਸੇ ਅਨੰਦ ਕਾਰਜ ਸਮੇਂ ਹੋਈ ਸੀ। ਉਸ ਤੋਂ ਬਾਅਦ ਉਨ੍ਹਾਂ ਦੇ ਪ੍ਰਸੰਗ ਭਰੇ ਕੀਰਤਨ ਬਹੁਤ ਵੇਰ ਸੁਣੇ ਤੇ ਸਲਾਹੇ ਹਨ। ਗਿਆਨੀ ਜੀ ਸੁਲਝੇ ਹੋਏ ਵਿਅਕਤੀ, ਵਿਸ਼ੇਸ਼ ਸਨ ਸਾਡੇ ਲਈ। ਮੈਂ ਇਸ ਦੁੱਖ ਭਰੀ ਘੜੀ ਵਿੱਚ ਤੁਹਾਡੇ ਨਾਲ ਸ਼ਰੀਕ ਹਾਂ।

ਸ੍. ਇਛੂਪਾਲ ਸਿੰਘ, (ਕਹਾਣੀਕਾਰ)
ਜੰਮੂ ਕਸ਼ਮੀਰ ਕਲਚਰਲ ਅਕੈਡਮੀ, ਜੰਮੂ

◆ ਕਲ੍ਹ ਹੀ ਭਟਪੁਰੀ ਜੀ ਦੇ ਅਕਾਲ ਚਲਾਣੇ ਬਾਰੇ ਸ੍. ਠਾਕਰ ਸਿੰਘ ਜ਼ਖਮੀ ਜੀ ਨੇ ਦੱਸਿਆ, ਸੁਣਦੇ ਸਾਰ ਦੀ ਦਿਲ ਉਦਾਸ ਹੋ ਗਿਆ। ਭਟਪੁਰੀ ਜੀ ਨੂੰ ਮੈਂ ਬਚਪਨ ਤੋਂ ਹੀ ਜਾਣਦਾ ਸਾਂ ਜਦੋਂ ਉਹ ਸਾਡੇ ਨਾਨਕੇ ਘਰ ਸਰਦਾਰ ਮੋਹਨ ਸਿੰਘ ਜੀ ਦੇ ਆਉਂਦੇ ਰਹਿੰਦੇ ਸਨ। ਬੜੀ ਪੁਰਵਿਕਾਰ ਸ਼ਖਸੀਅਤ ਸਨ। ਗੁਰਬਾਣੀ ਦੇ ਰਸੀਏ, ਗੁਰਮਤਿ ਅਤੇ ਇਤਿਹਾਸ ਦੇ ਜਾਣੂੰ ਸਨ।
ਮੈਂ ਦਿਲੀ ਤੌਰ ਤੇ ਆਪ ਜੀ ਦੇ ਦੁੱਖ ਵਿੱਚ ਸ਼ਰੀਕ ਹਾਂ।

ਸ੍. ਰਾਜਿੰਦਰ ਸਿੰਘ ਰਾਜਨ (ਸਾਹਿਤਕਾਰ)
ਪਿੰਡ, ਧਰਮਕੁੰਡ, ਤਗਲ

◆ ਗਿਆਨੀ ਜੀ, ਤੁਹਾਡਾ ਪਿਤਾ ਜੀ ਦਾ ਨਿੱਘਾ ਸਾਇਆ ਤੁਹਾਡੇ ਸਿਰੋਂ ਉੱਠ ਗਿਆ ਹੈ, ਇਹ ਜਾਣ ਕੇ ਭਾਰੀ ਦੁੱਖ ਹੋਇਆ ਹੈ। ਮੈਂ ਪਿਛਲੇ ਪੰਦਰਾਂ ਸਾਲਾਂ ਤੋਂ ਵਿਛੋੜੇ ਦੀ ਪੀੜ ਝੱਲ ਰਿਹਾ ਹਾਂ। ਲੇਕਿਨ ਕੀਤਾ ਕੀ ਜਾਵੇ, ਪਰਮੇਸ਼ਰ ਨੇ ਜੋ ਜੀਵਾਂ ਦੇ ਸੰਸਾਰ ਵਿੱਚ ਆਣ ਤੇ ਜਾਣ ਦੀ ਖੇਡ ਰਚਾਈ ਹੈ। ਉਸ ਨੂੰ ਵੱਡਾ ਦਿਲ ਕਰਕੇ ਮੰਨਣਾ ਹੀ ਪੈਂਦਾ ਹੈ। ਗਿਆਨੀ ਜੀ ਨੇ ਤਨ, ਮਨ, ਧਨ ਨਾਲ ਕੌਮ ਅਤੇ ਪੰਥ ਦੀ ਜੋ ਸੇਵਾ ਨਿਭਾਈ, ਉਹ ਨਿਹਾਇਤ ਸ਼ਲਾਘਾਯੋਗ ਹੈ। ਸਤਿਗੁਰੂ ਸਾਨੂੰ ਅਜਿਹੀ ਲਗਨ ਅਤੇ ਹਿੰਮਤ ਨਾਲ ਕੌਮੀ ਸੇਵਾ ਕਰਨ ਦੀ ਤੌਫ਼ੀਕ ਬਖਸ਼ਿਸ਼ ਕਰਨ। ਸਾਡਾ ਸਾਰਾ ਪ੍ਵਾਰ ਆਪ ਜੀ ਦੇ ਦੁੱਖ ਵਿੱਚ ਪੂਰੀ ਤਰ੍ਹਾਂ ਭਾਈਵਾਲ ਹੈ।

ਸ੍. ਨਿਰਵੈਰ ਸਿੰਘ ਅਰਸ਼ੀ
ਆਨੰਦਪੁਰ ਸਾਹਿਬ, ਜਿਲ੍ਹਾ ਰੋਪੜ, ਪੰਜਾਬ

◆ ਗਿਆਨੀ ਸੰਤ ਸਿੰਘ ਭਟਪੁਰੀ ਜੀ ਨੂੰ ਮੈਂ ਤਾਂ ਜਾਣਦਾ ਸਾਂ ਪਰ ਇਹ ਪਤਾ ਨਹੀਂ ਸੀ ਕਿ ਉਹ ਤੁਹਾਡੇ (ਜਸਬੀਰ ਸਿੰਘ ਸਰਨਾ) ਪਿਤਾ ਜੀ ਸਨ। ਇਸ ਦੁੱਖ ਦੀ ਘੜੀ ਵਿੱਚ ਮੈਂ ਤੁਹਾਡੇ ਸਾਰੇ ਪ੍ਵਾਰ ਨਾਲ ਸ਼ਰੀਕ ਹਾਂ। ਤੁਸੀਂ ਆਪ ਵੀ ਵਿਦਵਾਨ ਹੋ ਅਤੇ ਗੁਰਬਾਣੀ ਤੋਂ ਚੰਗੀ ਤਰ੍ਹਾਂ ਵਾਕਫ਼ ਹੋ। ਵਾਹਿਗੁਰੂ ਦਾ ਹੁਕਮ ਅਟੱਲ ਹੈ। ਵਾਹਿਗੁਰੂ ਗਿਆਨੀ ਜੀ ਦੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਪਿੱਛੇ ਸਰਬਤ ਪ੍ਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

ਡਾ. ਹਰਜਿੰਦਰ ਸਿੰਘ ਦਿਲਗੀਰ
ਪ੍ਰਸਿੱਧ ਸਿੱਖ ਹਿਸਟੋਰੀਅਲ, ਡੈਨਮਾਰਕ

◆ ਗਿਆਨੀ ਸੰਤ ਸਿੰਘ ਭਟਪੁਰੀ ਜੀ 2 ਐਫ. ਓ. ਡੀ. ਸ੍ਰੀਨਗਰ ਦੇ ਗ੍ਰੰਥੀ ਤੇ ਕੀਰਤਨੀਏ ਸਨ, ਬੜੇ ਭੱਲੇ ਪੁਰਸ਼, ਪਾਠੀ ਤੇ ਕੀਰਤਨੀਏ ਸਨ। ਪਾਠ ਤੇ ਕੀਰਤਨ ਬੜਾ ਮਿੱਠਾ ਤੇ ਰਸਦਾਇਕ ਕਰਦੇ ਸਨ ਅਤੇ ਉਨ੍ਹਾਂ ਨੂੰ ਗੁਰੂ ਘਰ ਨਾਲ ਨਿੱਘਾ ਪਿਆਰ ਸੀ।

ਸ੍. ਹਰਦਿੱਤ ਸਿੰਘ ਬ੍ਰੇਗਿਡਅਰ (ਰਟਿ)
ਚੰਡੀਗੜ੍ਹ।

◆ ਕਲ੍ਹ ਦੁਪਹਿਰ ਦੋ ਵਜੇ ਮਾਸਟਰ ਗੁਰਮੁਖ ਸਿੰਘ ਜੀ ਦੀ ਚਿੱਠੀ ਪੜ੍ਹਕੇ ਬਹੁਤ ਹੀ ਭਾਰੀ ਦੁੱਖ ਹੋਇਆ ਜੋ ਮੇਰੇ ਪਿਆਰੇ ਸਾਥੀ ਮਿਤ੍ਰ ਭਟਪੁਰੀ ਜੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਮੈਂ ਤਾਂ ਚਿੱਠੀ ਪੂਰੀ ਪੜ੍ਹ ਨਹੀਂ ਸਕਿਆ। ਜਿਸ ਤਰ੍ਹਾਂ ਕਿ ਮੇਰੇ ਸਿਰ ਤੇ ਇੱਕ ਪਹਾੜ ਡਿੱਗ ਪਿਆ, ਘਰ ਇੱਕਲਾ ਬੈਠਾ ਸਾਂ, ਭੁੱਬਾਂ ਨਿੱਕਲ ਗਈਆਂ ਰੋਟੀ ਖਾਣੀ ਭੁੱਲ ਗਈ। ਕਦੀ ਇਹ ਸੋਚਾਂ ਕਿ ਮਤ ਇਹ ਗੱਲ ਝੂਠ ਹੋਵੇ ਪਰ ਆਪਣੇ ਇੱਕ ਪਿਆਰੇ ਸਬੰਧੀ ਵਲੋਂ ਆਈ ਚਿੱਠੀ ਵਿੱਚ ਝੂਠ ਨਹੀਂ ਹੋ ਸਕਦਾ। ਅਖੀਰ ਆਪਣੇ ਆਪ ਨੂੰ ਗੁਰਬਾਣੀ ਅਨੁਸਾਰ -

*ਰਾਮ ਗਇਓ ਰਾਵਨ ਗਇਓ ਜਾ ਕੋ ਬਹੁ ਪ੍ਰਵਾਹ*

*ਕਹੁ ਨਾਨਕ ਥਿਰ ਕਿਛ ਨਹੀਂ ਸੁਪਨੇ ਜਿਉਂ ਸੰਸਾਰ।*

ਮੈਨੂੰ ਬਹੁਤਾ ਜੁਦਾਈ ਦਾ ਸਲ੍ਹ ਜੋ ਹੋ ਰਿਹਾ ਹੈ। ਇਹ ਕੌਣ ਜਾਣ ਸਕਦਾ ਹੈ।... ਵਿਛੋੜੇ ਦਾ ਦੁੱਖ ਸਭ ਤੋਂ ਵੱਡਾ ਦੁੱਖ ਹੈ। ਪਤਾ ਨਹੀਂ ਭਟਪੁਰੀ ਜੀ ਜੋ ਉਹ ਕਿਸ ਤਰ੍ਹਾਂ ਸਾਨੂੰ ਤੜਫ਼ਦੇ ਛਡ ਗਏ। ਉਸ ਪਿਆਰੇ ਮਿਤ੍ਰ ਨੇ ਮੇਰੇ ਨਾਂ ਨੂੰ, ਆਪਣੇ ਖਾਨਦਾਨ ਨੂੰ ਤੇ ਸਿੱਖ ਪੰਥ ਦੇ ਨਾਂ ਨੂੰ ਚਾਰ ਚੰਨ ਲਾਏ ਹਨ ਅਤੇ ਅਸੀਂ ਮਾਣ ਨਾਲ ਕਹਿ ਸਕਦੇ ਹਾਂ ਜੋ ਭਾਈ ਗੁਰਦਾਸ ਜੀ ਦੀਆਂ ਇਹ ਤੁਕਾਂ ਉਨ੍ਹਾਂ ਤੇ ਢੁਕਦੀਆਂ ਹਨ -

*ਗੁਰਮੁਖ ਜਨਮ ਸੁਵਾਰ ਦਰਗਹਿ ਚਲਿਆ*

*ਸਚੀ ਦਰਗਹਿ ਜਾਏ ਸਚਾ ਪਿੜ ਮਲਿਆ।।*

ਗੁਰਦੁਆਰਾ ਸ਼ਿਕਾਗੋ (ਯੂ. ਐਸ. ਏ.) ਦੇ ਦਫ਼ਤਰ ਵਿੱਚ ਬੈਠ ਕੇ ਪਹਿਲਾਂ ਮਹਾਰਾਜ ਅੱਗੇ ਅਰਦਾਸ ਕੀਤੀ ਅਤੇ ਫਿਰ ਸਾਥੀ ਭਟਪੁਰੀ ਜੀ ਦੀ ਆਤਮਕ ਸਹਾਇਤਾ ਲਈ ਹੋਰ ਵੈਰਾਗਮਈ ਬਾਣੀ ਦੇ ਪਾਠ ਕਰਨ ਦਾ ਸੰਕਲਪ ਕੀਤਾ।

**ਗਿਆਨੀ ਈਸ਼ਰ ਸਿੰਘ ਬਖਸ਼**

ਸ਼ਿਕਾਗੋ (ਯੂ. ਐਸ. ਏ.)

◆ ਕੁੱਝ ਸਮਾਂ ਪਹਿਲਾਂ ਮੈਨੂੰ ਪਤਾ ਲੱਗਾ ਕਿ ਸਤਿਕਾਰ ਯੋਗ ਭਟਪੁਰੀ ਜੀ ਅਕਾਲ ਪੁਰਖ ਦੇ ਭਾਣੇ ਅਨੁਸਾਰ ਪੰਜ ਭੂਤਕ ਦੇਹੀ ਤਿਆਗ ਗਏ ਹਨ। ਉਹਨਾਂ ਦੇ ਅਕਾਲ ਚਲਾਣੇ ਦਾ ਬਹੁਤ ਅਫ਼ਸੋਸ ਹੈ ਪਰ ਵਾਹਿਗੁਰੂ ਦੇ ਭਾਣੇ ਨੂੰ ਕੌਣ ਮੋੜ ਸਕਦਾ ਹੈ। ਉਸ ਦੀ ਰਜ਼ਾ ਅਟਲ ਹੈ। ਮਹਾਰਾਜ ਉਹਨਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ। ਉਹ ਖੁਦ ਹੀ ਪ੍ਰਭੂ ਪਿਆਰੇ ਸਨ। ਬਹੁਤ ਭਲੇ ਤੇ ਖੁਦਾ ਪ੍ਰਸਤ ਇਨਸਾਨ ਸਨ। ਬਾਕੀ ਸੰਸਾਰ ਚਲਦੀ ਸਰਾਂ ਹੈ। ਉਹਨਾਂ ਦਾ ਵਿਛੋੜਾ ਸਮਾਂ ਸਾਰਿਆਂ ਲਈ ਅਸਹਿ ਹੈ।

**ਡਾ. ਸੂਬਾ ਸਿੰਘ, ਪੀ. ਐਚ. ਡੀ.**

ਖਾਲਸਾ ਕਾਲਜ, ਅੰਮ੍ਰਿਤਸਰ

◆ ਗਿਆਨੀ ਸੰਤ ਸਿੰਘ ਭਟਪੁਰੀ ਜਿੱਥੇ ਸਮਾਜ ਸੁਧਾਰਕਾਂ ਲਈ ਜੂਝਦੇ ਰਹੇ ਉੱਥੇ ਉਹ ਸੁਲਝੇ ਹੋਏ ਪੰਥ ਦਰਦੀ ਵੀ ਸਨ। ਪੰਥ ਤੇ ਉਚੇਚੇ ਕਸ਼ਮੀਰ ਦੀਆਂ ਸਿੱਖ ਸੰਗਤਾਂ ਲਈ ਉਹਨਾਂ ਦੇ ਦਿਲਾਂ ਵਿੱਚ ਬੜਾ ਉਤਸ਼ਾਹ ਸੀ। ਕੌਮੀ ਕੰਮਾਂ ਲਈ ਅਕਾਲੀ ਦਲ ਦੇ ਹਰ ਹੁਕਮ ਦੀ ਪਾਲਣਾ ਕਰਦੇ ਰਹੇ। ਹਰ ਸਮੇਂ ਜਥੇਬੰਦੀ ਲਈ ਜੂਝਦੇ ਰਹੇ। ਕਈ ਵੇਰ ਜੇਲ੍ਹਾਂ ਕੱਟੀਆਂ। ਗਿਆਨੀ ਜੀ ਨੇ ਕੇਵਲ ਭਟਪੁਰੇ ਦਾ ਨਾਂ ਹੀ ਉੱਚਾ ਨਹੀਂ ਕੀਤਾ ਸਗੋਂ ਕਸ਼ਮੀਰ ਦਿਆਂ ਸਿੱਖਾਂ ਦਾ ਰੁੱਤਬਾ ਪੰਜਾਬ ਵਿੱਚ ਉੱਚਾ ਕੀਤਾ। ਵਾਹਿਗੁਰੂ ਦਾ ਹੁਕਮ ਹੈ ਜੋ ਆਇਆ ਸੋ ਚਲਸੀ ਸਭ ਕੋ ਆਈ ਵਾਰੀਐ ਦੇ ਮਹਾਂਵਾਕ ਅਨੁਸਾਰ ਅਜ ਉਹ ਸਾਡੇ ਵਿੱਚ ਨਹੀਂ ਹਨ। ਇਹ ਘਾਟਾ ਕੌਮ ਲਈ ਹੈ ਜਿਸ ਨੂੰ ਪੂਰਾ ਕਰਨਾ ਬਹੁਤ ਮੁਸ਼ਕਲ ਹੈ। ਮੇਰੀ ਅਰਦਾਸ ਹੈ ਕਿ ਗਿਆਨੀ ਜੀ ਸੱਚਖੰਡ ਵਿੱਚ ਹੋਣਗੇ ਤੇ ਵਾਹਿਗੁਰੂ ਉਨ੍ਹਾਂ ਦੇ ਸਾਰੇ ਪ੍ਰਵਾਰ ਨੂੰ ਵਿਛੋੜਾ ਸਹਿਣ ਦੀ ਸ਼ਕਤੀ ਬਖ਼ਸ਼ੇ।

**ਸ੍ਰ. ਸੁਦਾਗਰ ਸਿੰਘ, ਸਕੱਤਰ**

ਗੁਰਦੁਆਰਾ ਪ੍ਰਬੰਧਕ ਕਮੇਟੀ, ਜ਼ਿਲ੍ਹਾ ਬਾਰਾਮੂਲਾ, ਕਸ਼ਮੀਰ

◆ ਭਟਪੁਰੀ ਜੀ ਮੇਰੇ ਚਾਨਣ ਮੁਨਾਰੇ ਸਨ। ਪਿਆਰ, ਸਤਿਕਾਰ ਜੋ ਉਨ੍ਹਾਂ ਵਲੋਂ ਮੈਨੂੰ ਮਿਲਿਆ ਸ਼ਾਇਦ ਹੀ ਕਿਸੇ ਹੋਰ ਨੂੰ ਮਿਲ ਸਕਿਆ ਹੋਵੇ। ਬਾਗ ਜੋ ਮੈਂ ਤਿਆਰ ਕੀਤਾ ਉਸ ਵਿੱਚ ਪ੍ਰੇਰਣਾ ਭਟਪੁਰੀ ਜੀ ਦੀ ਜ਼ਿਆਦਾ ਸੀ। ਸਮਾਜ ਸੁਧਾਰ ਬਾਰੇ ਜੋ ਜੋ ਲੀਹਾਂ ਉਨ੍ਹਾਂ ਤੋਰੀਆਂ ਮੈਂ ਉਹਨਾਂ ਤੇ ਤੁਰ ਰਿਹਾ ਹਾਂ। ਵਿਆਹ, ਸ਼ਾਦੀਆਂ ਕੁੜਮਾਈਆਂ, ਅਕਾਲ ਚਲਾਣਿਆਂ ਤੇ ਸਿਰਫ਼ ਗਲ ਧਰਮ ਦੀ ਭਟਪੁਰੀ ਜਿਹੀ ਬਲਵਾਨ ਆਤਮਾ ਹੀ ਕਰ ਸਕੀ।

**ਪ੍ਰੋ. ਬੀਕਮ ਸਿੰਘ ਰਾਹੀ, ਲੈਕਚਰਾਰ**
ਐਮ. ਏ. (ਹਿਸਟਰੀ, ਪੰਜਾਬੀ) ਬੀ. ਐਡ
ਪਿੰਡ ਪਾਤੂਸਾ, ਬਾਰਾਮੂਲਾ

◆ ਗਿਆਨੀ ਸੰਤ ਸਿੰਘ ਭਟਪੁਰੀ ਸਾਹਿਬ, ਜਿਨ੍ਹਾਂ ਦੇ ਸ਼ੁਭ ਨਾਂ ਤੋਂ ਰਿਆਸਤ ਕਸ਼ਮੀਰ ਦਾ ਬੱਚਾ ਬੱਚਾ ਜਾਣੂ ਹੈ ਦੇ ਅਚਾਨਕ ਅਕਾਲ ਚਲਾਣੇ ਦੀ ਖ਼ਬਰ ਨੇ ਸਾਰੇ ਸਿੱਖ ਭਾਈਚਾਰੇ ਨੂੰ ਬੇਹੱਦ ਦੁਖੀ ਕੀਤਾ ਹੈ। ਸਾਰੇ ਸਿੱਖ ਸਮਾਜ ਨੇ 'ਭਟਪੁਰੀ' ਸਾਹਿਬ ਦੇ ਅਕਾਲ ਚਲਾਣੇ ਦੇ ਵਾਕਿਆ ਨੂੰ ਕਦੀ ਨਾ ਪੂਰਾ ਹੋਣ ਵਾਲਾ ਘਾਟਾ ਅਨਭਉ ਕੀਤਾ ਹੈ। ਉਹ 'ਨਾਂ' ਕਰਕੇ ਹੀ ਕੇਵਲ ਸੰਤ ਨਹੀਂ ਸਨ ਸਗੋਂ ਸੁਭਾ ਤੇ ਕਰਮ ਕਰਕੇ ਵੀ ਪੂਰੇ ਸੰਤ ਸਰੂਪ ਪੁਰਸ਼ ਸਨ। ਉਹ ਬੜੀ ਉੱਚੀ ਸ਼ਖਸੀਅਤ ਦੇ ਮਾਲਕ ਸਨ। ਇਸੇ ਕਰਕੇ ਉਨ੍ਹਾਂ ਦੇ ਵਿਛੋੜੇ ਨੇ ਸਾਨੂੰ ਗਹਿਰਾ ਦੁੱਖ ਅਨੁਭਵ ਕਰਾਇਆ ਹੈ। ਉਨ੍ਹਾਂ ਦੇ ਚਲੇ ਜਾਣ ਦਾ ਸਾਨੂੰ ਬੇਹੱਦ ਸਦਮਾ ਹੈ ਪਰ ਮੌਤ ਅੱਗੇ ਕਿਸੇ ਵੀ ਜੀਵ-ਜੰਤੂ ਤੇ ਕਿਸੇ ਵੀ ਸ਼ੈ ਦਾ ਬਸ ਨਹੀਂ ਚਲਦਾ। ਇਸੇ ਲਈ ਅਕਾਲ ਪੁਰਖ ਦੀ ਰਚਨਾ ਦੇ ਅੱਗੇ ਉਸ ਦੇ ਭਾਣੇ ਨੂੰ ਮਿੱਠਾ ਕਰ ਕੇ ਮੰਨਣਾ ਪੈਂਦਾ ਹੈ।

**ਸ੍ਰ. ਜਰਨੈਲ ਸਿੰਘ ਗੁਲਾਬ**
ਐਮ. ਏ. (ਪੰਜਾਬੀ) ਪ੍ਰਸਿੱਧ ਸਾਹਿਤਕਾਰ ਤੇ ਕਵੀ
ਪਿੰਡ ਬੈਕੁੰਡ, ਤਰਾਲ, ਕਸ਼ਮੀਰ




*Dear Associate, Donor, Wellwisher*

*Congratulations !*

**MORNI HILLS (DISTT. PANCHKULA) IS CATARACT FREE ZONE**

*Thanks to the Almighty, Our Associates, Donors & Well Wishers for the kindness which ensured Morni Hills (Distt. Panchkula). Cataract Free Zone before target date 31.03.2001*

ABOVE COULD BE ACHIEVED DUE TO YOUR GUIDANCE & CONTINUED SUPPORT.

*Thanks*
*Please Keep it up*

*K.S. CHUGH* *H.B. SINGH CHOPRA* *D.S. ARORA* *JASBEER K. GHUGH*

*Let us be in the service of Humanity*

- Donate Eyes
- De-Addiction
- Help Sick
- Vocational Training
- Help Handicapped
- Donate Blood
- Aids Awareness
- Help Aged
- Promote Education
- Women Upliftment

HELP NEEDY

**Sewaks' Charitable Trust (Regd.)**

Office : SCO : 1104-05, First Floor, Sector: 22-B, Chandigarh - 160 022
Tel.: 0172-701238, 713915, 701396, 612412 Fax: 0172-710739, 655821
e-mail: sewaks@usa.net - website: www.sewaks.faithweb.com

HELP NEEDY

# ਸੁਰ-ਲਿਪੀਆਂ

**ਭਾਈ ਜਸਪਾਲ ਸਿੰਘ**
ਜਵੱਦੀ ਟਕਸਾਲ, ਲੁਧਿਆਣਾ

**ਰਾਗ ਦੇਵਗੰਧਾਰੀ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦੇਵਗੰਧਾਰੀ ਸਿਰਲੇਖ ਹੇਠ ਦੇਵਗੰਧਾਰੀ ਅਤੇ ਦੇਵਗੰਧਾਰ ਦੋ ਰਾਗ ਉਪਲੱਬਧ ਹੁੰਦੇ ਹਨ। ਦੇਵਗੰਧਾਰ ਦਾ ਕੇਵਲ ਇੱਕੋ ਸ਼ਬਦ "ਅਪੁਨੇ ਹਰਿ ਪਹਿ ਬਿਨੰਤੀ ਕਹੀਐ" ਹੈ। ਬਾਕੀ ਸਾਰੀ ਬਾਣੀ ਦੇਵਗੰਧਾਰੀ ਵਿੱਚ ਹੈ। ਉਪਰੋਕਤ ਦੋਵੇਂ ਰਾਗ ਵੱਖੋ-ਵੱਖਰੇ ਸਰੂਪ ਰੱਖਦੇ ਹਨ। ਦੇਵਗੰਧਾਰੀ ਦਾ ਰੂਪ ਗੁਰਮਤਿ ਸੰਗੀਤ ਤੋਂ ਬਿਨਾਂ ਭਾਰਤੀ ਸੰਗੀਤ ਵਿੱਚ ਅਜੇ ਤੱਕ ਪ੍ਰਚਲਿਤ ਨਹੀਂ ਹੋਇਆ। ਇਸ ਰਾਗ ਵਿੱਚ ਵਿਚਰਦੇ ਪਤਾ ਲੱਗੇਗਾ ਕਿ ਖ਼ੁਸ਼ੀ ਚਰਨ ਸ਼ਰਨ ਵਿੱਚ ਹੈ। ਮਾਂ ਦੇ ਚਰਨਾਂ ਵਿੱਚ ਹੈ।

ਝੂਠਾ ਪਿਆਰ ਛੱਡਣ ਵਿੱਚ ਹੈ।

**ਅਰੋਹ** : ਸ ਰੇ ਮ, ਪ ਧ ਸਂ।

**ਅਵਰੋਹ** : ਸਂ ਨੀਂ ਧ ਪ, ਮ ਪ, ਧੁ ਨੁੀ ਧੁ ਪ, ਗ ਰੇ ਸ

**ਸੁਰ** : ਦੋਨੋਂ ਧੈਵਤ, ਦੋਨੋਂ ਨਿਸ਼ਾਦ, ਅਰੋਹ ਵਿੱਚ 'ਗ' ਤੇ 'ਨੀ' ਵਰਜਿਤ, ਬਾਕੀ ਸਭ ਸ਼ੁਧ।

**ਥਾਟ** : ਬਿਲਾਵਲ (ਆਸਾਵਰੀ ਅੰਗ) **ਜਾਤੀ** : **ਔੜਵ ਸੰਪੂਰਨ**

**ਸਮਾਂ** : ਦਿਨ ਦਾ ਦੂਜਾ ਪਹਿਰ

**ਵਾਦੀ** : ਮਧਿਅਮ

**ਸੰਵਾਦੀ** : ਸ਼ੜਜ

**ਮੁੱਖ ਅੰਗ** : ਧੁ ਨੁੀ ਧੁ ਪ, ਮ ਗ, ਸ ਰੇ ਮ, ਗ ਸ ਰੇ ਗ ਸ।

**ਸੁਰ ਵਿਸਥਾਰ** :1. ਸ ਰੇ ਮ, ਗ ਰੇ ਸ, ਨ਼ੀ ਧ਼ ਪ਼, ਧੁ਼ ਨੁ਼ੀ ਧੁ਼ ਪ਼, ਪ਼ ਧ਼ ਸ, ਰੇ ਸ, ਰੇ ਮ
ਮ ਪ, ਮ ਪ ਧੁ ਮ ਪ, ਧੁ ਨੁੀ ਧੁ ਪ, ਮ ਪ ਮ, ਗ ਰੇ ਸ।

2. ਮ, ਮ ਪ ਧੁ ਪ, ਧੁ ਨੁੀ ਧੁ ਪ, ਮ ਪ ਧ, ਪ ਧ ਸਂ, ਰੇਂ ਸਂ, ਰੇਂ ਗਂ ਸਂ,
ਸਂ ਰੇਂ ਮਂ, ਗਂ ਰੇਂ ਗਂ ਸਂ, ਨੀ ਧ ਪ, ਧੁ ਨੁੀ ਧੁ ਪ, ਮ ਗ ਸ ਰੇ ਮ, ਗ ਰੇ ਸ।

**ਦੇਵਗੰਧਾਰੀ** **ਏਕ ਤਾਲ**

| 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|
| **ਸਥਾਈ** | | | | | | | | | | | |
| ਮਪ | ਧੁਨੁੀ | ਧੁਪ | ਮਗ | ਰੇ | ਸ | ਰੇ | ਮ | ਪ | ਧੁ | ਨੁੀ | ਧੁਪ |
| ਝੂS | SS | ਠੀS | ਦੇS | S | ਖੀ | ਪ੍ਰੀ | ਤ | ਜ | ਗ | ਤ | ਮੈS |
| ਸ | ਰੇ | ਮ | ਪ | ਪ | ਪ | ਮਧ | ਧਪ | ਮਗ | ਸਰੇ | ਗ | ਸ |
| ਅਪੁ | ਨੇ | S | ਹੀ | ਸੁ | ਖ | ਸਿਉ | SS | ਸਭ | ਲਾS | ਗੇ | S |
| ਮਪ | ਧੁਨੁੀ | ਧੁਪ | ਮ | ਗ | ਰੇ | ਸ | ਰੇ | ਰੇ | ਮ | ਪ | ਪ |
| ਕਿਆ | SS | ਦਾS | ਰਾ | S | ਕਿਆ | S | ਮੀ | S | S | S | ਤ |
| **ਅੰਤਰਾ** | | | | | | | | | | | |
| ਧਮ | ਪ | ਧ | ਸਂ | ਸਂ | ਸਂ | ਪਸਂ | ਰੇਂਗਂ | ਰੇਂਗਂ | ਸਂਰੇਂ | ਸਂ | ਸਂ |
| ਮੇS | S | ਰਉ | ਮੇ | ਰ | ਉ | ਸS | ਭੇS | Sਕ | ਹਤ | ਹੈ | S |
| ਸਂਨੀ | ਧ | ਪ | ਧੁਨੁੀ | ਧੁ | ਪ | ਮਗ | ਰੇ | ਸ | ਰੇ | ਮ | ਪ |
| ਹਿਤ | ਸਿ | ਉ | ਬਾS | ਧਿ | ਉ | ਚੀS | S | S | S | S | ਤ |
| X | | 0 | | 2 | | 0 | | 3 | | 4 | |

## ਉਸਤਾਦ ਜਸਵੰਤ ਸਿੰਘ ਭਵਰਾ

ਜਵੱਦੀ ਟਕਸਾਲ, ਲੁਧਿਆਣਾ

ਰਾਗ ਦੇਵਗੰਧਾਰੀ

ਤਾਲ-ਛੋਟਾ ਤਿੰਨਤਾਲ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | ਸਥਾਈ | | ਪ | ਧੁਨੁੀ | ਧੁ | ਪਪ | ਮ | ਗ | ਰੇ | ਸ | ਰੇ | ਰੇ | ਮਮ | ਮ |
| | | | | ਮੇ | ਰੋS | ਸੁੰ | ਦਰ | ਕ | ਹ | ਹੁ | ਮਿ | ਲੈ | S | ਕਿਤ | ਗ |
| ਪ | ਪ | ਪ | ਪ | ਮ | ਮ | ਪ | ਧ | ਸਂ | - | ਸਂ | ਸਂ | ਧ | ਧ | ਸਂ | ਰੇਂ |
| ਲੀ | S | S | S | ਹ | ਰਿ | ਕੇ | S | ਸੰ | S | ਤ | ਬ | ਤਾ | S | ਵ | ਹੁ |
| ਸਂ | ਨੀ | ਸਂ | ਸਂ | ਸਂਸਂ | ਨੀ | ਧ | ਪ | ਧੁ | ਨੁੀ | ਧੁ | ਪ | ਮ | ਗ | ਸ | ਰੇ |
| ਮਾ | S | ਰ | ਗ | ਹਮ | S | S | S | ਪੀ | S | ਛੈ | S | ਲਾ | S | ਗ | ਚ |
| ਮ | ਮ | ਪ | ਪ | | | | | | | | | | | | |
| ਲੀ | S | S | S | | | | | | | | | | | | |
| | | ਅੰਤਰਾ | | ਗਂ | ਰੇਂ | ਮਂ | ਗਂ | ਸਂ | ਸਂ | ਸਂ | ਸਂ | ਪ | ਪ | ਧ | ਧ |
| | | | | ਪ੍ਰਿ | ਅ | ਕੇ | S | ਬ | ਚ | ਨ | ਸੁ | ਖਾ | S | ਨੇ | S |
| ਸਂ | ਸਂ | ਸਂ | ਸਂ | ਸਂ | ਨੀ | ਧ | ਪ | ਧੁ | ਨੁੀ | ਧੁ | ਪ | ਮ | ਗ | ਸ | ਰੇ |
| ਹੀ | ਅ | ਰੈ | S | ਇ | ਹ | S | S | ਚਾ | S | ਲ | ਬ | ਨੀ | S | ਹੈ | ਭ |
| ਮ | ਮ | ਪ | ਪ | | | | | | | | | | | | |
| ਲੀ | S | S | S | | | | | | | | | | | | |
| X | | | | 2 | | | | 0 | | | | 3 | | | |

## ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| ਦੇਵ ਗੰਧਾਰੀ ਮਹਲਾ ੯॥ | **Dev Gandhari 9th Guru.** | **ਦੇਵ ਗੰਧਾਰੀ ਨੌਵੀਂ ਪਾਤਸ਼ਾਹੀ ।** |
|---|---|---|
| ਜਗਤ ਮੈ ਝੂਠੀ ਦੇਖੀ ਪ੍ਰੀਤਿ॥ | In this world, I have seen the love to be false. | ਇਸ ਸੰਸਾਰ ਵਿੱਚ ਮੈਂ ਪਿਆਰ ਨੂੰ ਕੂੜਾ ਤੱਕਿਆ ਹੈ। |
| ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ॥੧॥ | Everybody, whether wife whether friend is intent on his own happiness. | ਹਰ ਜਾਣੇ ਦਾ, ਕੀ ਪਤਨੀ ਕੀ ਮਿਤ੍ਰ, ਆਪਣੀ ਖ਼ੁਸ਼ੀ ਨਾਲ ਹੀ ਸਰੋਕਾਰ ਹੈ। |
| ਰਹਾਉ॥ | Pause. | ਠਹਿਰਾਉ। |
| ਮੇਰਉ ਮੇਰਉ ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤ॥ | All say "Thou art mine, mine" and attach their mind to thee with love. | ਸਾਰੇ ਆਖਦੇ ਹਨ, ਤੂੰ ਮੇਰਾ, ਮੇਰਾ ਹੈ ਅਤੇ ਪਿਆਰ ਨਾਲ ਤੇਰੇ ਸਹਿਤ ਮਨ ਨੂੰ ਜੋੜਦੇ ਹਨ। |
| ਅੰਤਿ ਕਾਲਿ ਸੰਗੀ ਨਹ ਕੋਊ ਇਹ ਅਚਰਜ ਹੈ ਰੀਤਿ॥੧॥ | At the last moment, none becomes an accompanier of Thine. This is a strange custom. | ਅਖੀਰ ਦੇ ਵੇਲੇ ਤੇਰਾ ਕੋਈ ਸਾਥੀ ਨਹੀਂ ਬਣਦਾ। ਇਹ ਅਸਚਰਜ ਰਿਵਾਜ ਹੈ। |
| ਮਨ ਮੂਰਖ ਅਜਹੂ ਨਹ ਸਮਝਤ ਸਿਖ ਦੈ ਹਾਰਿਓ ਨੀਤ॥ | The stupid man, as yet, reforms himself not, though I have grown weary of ever instructing him. | ਬੇਵਕੂਫ ਬੰਦਾ ਅਜੇ ਭੀ ਆਪਣੇ ਆਪ ਦਾ ਸੁਧਾਰ ਨਹੀਂ ਕਰਦਾ, ਭਾਵੇਂ ਮੈਂ ਸਦਾ ਹੀ ਉਸ ਨੂੰ ਸਿਖਮਤ ਦਿੰਦਾ ਦਿੰਦਾ ਹਾਰ ਹੁਟ ਗਿਆ ਹਾਂ। |

| | | |
|---|---|---|
| ਨਾਨਕ ਭਉਜਲੁ ਪਾਰਿ ਪਰੈ ਜਉ ਗਾਵੈ ਪ੍ਰਭ ਕੇ ਗੀਤ॥੨॥੩॥੬॥੩੮॥੪੭॥ | Nanak, if mortal sings songs of Lord's praise, he crosses over the terrible world ocean. | ਨਾਨਕ, ਜੇਕਰ ਪ੍ਰਾਨੀ ਸੁਆਮੀ ਦੀ ਸਿਫਤ ਸਨਾ ਦੇ ਗਾਉਣ ਗਾਇਨ ਕਰੇ, ਉਹ ਭਿਆਨਕ ਸੰਸਾਰ ਸਮੁੰਦਰ ਤੋਂ ਪਾਰ ਉਤਰ ਜਾਂਦਾ ਹੈ। |

❖ ❖ ❖

| ਦੇਵ ਗੰਧਾਰੀ | Dev Gandhari. | ਦੇਵ ਗੰਧਾਰੀ। |
|---|---|---|
| ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ॥ | Tell me, in what lane, shall I find my Beauteous Lord? | ਮੈਨੂੰ ਦਸ, ਕਿ ਕਿਹੜੇ ਕੂਚੇ ਵਿੱਚ ਮੈਨੂੰ ਮੇਰਾ ਸੁਹਣਾ ਸੁਆਮੀ ਮਿਲੂਗਾ? |
| ਹਰਿ ਕੇ ਸੰਤ ਬਤਾਵਹੁ ਮਾਰਗੁ ਹਮ ਪੀਛੈ ਲਾਗਿ ਚਲੀ॥੧॥ ਰਹਾਉ॥ | O saints of God, show me the way, I should follow. Pause. | ਹੇ ਵਾਹਿਗੁਰੂ ਦੇ ਸਾਧੂਓ! ਮੈਨੂੰ ਰਸਤਾ ਦਿਖਾਓ ਜਿਸ ਮਗਰ ਮੈਂ ਤੁਰੀ ਜਾਵਾਂ। ਠਹਿਰਾਉ। |
| ਪ੍ਰਿਅ ਕੇ ਬਚਨ ਸੁਖਾਨੇ ਹੀਅਰੈ ਇਹ ਚਾਲ ਬਨੀ ਹੈ ਭਲੀ॥ | The words of my Beloved are pleasing to my mind. Good is this custom, which has been established. | ਮੇਰੇ ਪ੍ਰੀਤਮ ਦੇ ਬਚਨ ਬਿਲਾਸ ਮੈਂਡੇ ਮਨ ਨੂੰ ਚੰਗੇ ਲਗਦੇ ਹਨ। ਸ੍ਰੇਸ਼ਟ ਹੈ ਇਹ ਰੀਤ, ਜੋ ਕਾਇਮ ਹੋ ਗਈ ਹੈ। |
| ਲਟੁਰੀ ਮਧੁਰੀ ਠਾਕੁਰ ਭਾਈ ਓਹ ਸੁੰਦਰਿ ਹਰਿ ਢੁਲਿ ਮਿਲੀ॥੧॥ | Thou hunch-backed and small statured, if she is liked by, her Lord, she becomes beautiful and melting down meets the Master. | ਕੁੱਬੀ ਅਤੇ ਨਿਕੜੀ ਜਿਹੀ ਹੋਣ ਦੇ ਬਾਵਜੂਦ, ਜੇਕਰ ਉਹ ਆਪਣੇ ਸਾਹਿਬ ਨੂੰ ਚੰਗੀ ਲਗਦੀ ਹੈ, ਉਹ ਸੁਹਣੀ ਹੋ ਜਾਂਦੀ ਹੈ ਅਤੇ ਮੋਮ ਹੋ ਕੇ ਮਾਲਕ ਨੂੰ ਮਿਲ ਪੈਂਦੀ ਹੈ। |
| ਏਕੋ ਪ੍ਰਿਉ ਸਖੀਆ ਸਭ ਪ੍ਰਿਅ ਕੀ ਜੋ ਭਾਵੈ ਪਿਰ ਸਾ ਭਲੀ॥ | There is but one Beloved and all are Beloved brides she, who pleases the Spouse, is good. | ਪ੍ਰੀਤਮ ਕੇਵਲ ਇੱਕੋ ਹੀ ਹੈ ਅਤੇ ਸਾਰੀਆਂ ਪ੍ਰੀਤਮ ਦੀਆਂ ਪਤਨੀਆਂ ਹਨ, ਜਿਹੜੀ ਪਤੀ ਨੂੰ ਚੰਗੀ ਲਗਦੀ ਹੈ, ਉਹੀ ਸ੍ਰੇਸ਼ਟ ਹੈ। |
| ਨਾਨਕ ਗਰੀਬੁ ਕਿਆ ਕਰੈ ਬਿਚਾਰਾ ਹਰਿ ਭਾਵੈ ਤਿਤੁ ਰਾਹਿ ਚਲੀ॥੨॥੨॥ | What can poor and helpless Nanak do? He walks in the way, which pleases God. | ਕੰਗਲਾ ਅਤੇ ਨਿਹਬਲ ਨਾਨਕ ਕੀ ਕਰ ਸਕਦਾ ਹੈ? ਉਹ ਉਸ ਰਸਤੇ ਟੁਰਦਾ ਹੈ, ਜੋ ਵਾਹਿਗੁਰੂ ਨੂੰ ਚੰਗਾ ਲਗਦਾ ਹੈ। |


## ਹਿੰਦੁਸਤਾਨੀ ਸੰਗੀਤ ਪਦਿੱਤੀ

ਕ੍ਰਮਿਕ ਪੁਸਤਕ-ਮਾਲਿਕਾ (ਪਹਿਲੀ ਪੁਸਤਕ)

ਪੰਡਤ ਵਿਸ਼ਨੂੰ ਨਾਰਾਇਨ ਭਾਤਖੰਡੇ ਜੀ ਦੀ ਰਚੀ ਪੁਸਤਕ ਹੁਣ ਪੰਜਾਬੀ ਵਿੱਚ ਪ੍ਰਾਪਤ ਕਰੋ।

**ਕੀਮਤ ਕੇਵਲ 30 ਰੁ: (ਡਾਕ ਖਰਚ ਵੱਖਰਾ)**

**ਅੰਮ੍ਰਿਤ ਕੀਰਤਨ ਟ੍ਰਸਟ**

1246/I, ਸੈਕਟਰ 22-ਬੀ, ਚੰਡੀਗੜ੍ਹ 160 022

**ਫੋਨ** : 0172-701396, 713915

**e-mail:** drjagirsingh@rediffmail.com

# ਸ਼ਿਕਾਗੋ ਵਿਖੇ ਵਿਸਾਖੀ ਪੁਰਬ ਮਨਾਇਆ ਗਿਆ



ਕੀਰਤਨ ਵਖਿਆਨ ਦੁਆਰਾ ਸੰਗਤਾ ਨੂੰ ਨਿਹਾਲ ਕਰਦੇ ਹੋਏ
ਭਾਈ ਹਰਬੰਸ ਸਿੰਘ ਜੀ ਜਗਾਧਰੀ ਵਾਲੇ



ਮਲੀਸਾ ਕਲਾਇਨ ਜੋ ਅੰਮ੍ਰਿਤ ਛਕ ਕੇ
ਜਗਬੀਰ ਕੌਰ ਬਣੀ- ਬਾਬਾ ਦਲਜੀਤ ਸਿੰਘ ਜੀ
ਸ਼ਿਕਾਗੋ ਵਾਲਿਆਂ ਨਾਲ

**ਸ਼ਿਕਾਗੋ :-** ਗੁਰਦਵਾਰਾ ਗੁਰਜੋਤਿ ਪ੍ਰਕਾਸ਼ ਸਾਹਿਬ ਸ਼ਿਕਾਗੋ ਵਿਖੇ ਖਾਲਸਾ ਜੀ ਦਾ ਪਾਵਨ ਪ੍ਰਕਾਸ਼ ਦਿਵਸ 6 ਅਪ੍ਰੈਲ ਤੋਂ 15 ਅਪ੍ਰੈਲ ਤਕ ਸੰਤ ਬਾਬਾ ਦਲਜੀਤ ਸਿੰਘ ਜੀ ਸ਼ਿਕਾਗੋ ਵਾਲਿਆਂ ਦੇ ਉਦਮ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਬੇ-ਹੱਦ ਸ਼ਰਧਾ ਅਤੇ ਸਤਿਕਾਰ ਸਹਿਤ ਮਨਾਇਆ ਗਿਆ।

**ਭਾਈ ਹਰਬੰਸ ਸਿੰਘ ਜੀ ਜਗਾਧਰੀ ਵਾਲੇ ਪਹੁੰਚੇ :-** ਪੰਥ ਪ੍ਰਸਿਧ ਕੀਰਤਨੀਏ ਭਾਈ ਸਾਹਿਬ ਭਾਈ ਹਰਬੰਸ ਸਿੰਘ ਜੀ ਜਗਾਧਰੀ ਵਾਲੇ 6 ਅਪ੍ਰੈਲ ਤੋਂ ਹੀ ਵਿਸਾਖੀ ਸਮਾਗਮ ਦੇ ਸਬੰਧ ਵਿਚ ਗੁਰਦਵਾਰਾ ਗੁਰਜੋਤਿ ਪ੍ਰਕਾਸ਼ ਸਾਹਿਬ ਵਿਖੇ ਪਹੁੰਚ ਚੁਕੇ ਸਨ। ਭਾਈ ਸਾਹਿਬ ਜੀ ਨੇ ਲਗਾਤਾਰ 10 ਦਿਨ ਰਸਭਿੰਨੇ ਕੀਰਤਨ ਅਤੇ ਵੈਰਾਗ ਮਈ ਵਿਆਖਿਆ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਹਫਤੇ ਦੇ ਸਾਰੇ ਦਿਨਾਂ ਵਿਚ ਵੀ ਗੁਰਦਵਾਰਾ ਸਾਹਿਬ ਦਾ ਮੇਨ ਹਾਲ ਗੁਰੂ ਪਿਆਰੀਆਂ ਸੰਗਤਾਂ ਨਾਲ ਭਰਿਆ ਹੁੰਦਾ ਸੀ। ਸ਼ਿਕਾਗੋ ਲੈਂਡ ਏਰੀਏ ਤੋਂ ਇਲਾਵਾ ਵਿਸਕਾਸਨ, ਇਡੀਆਨਾਂ, ਮਿਸ਼ੀਗਨ ਅਤੇ ਹੋਰ ਨੇੜੇ ਦੀਆਂ ਸਟੇਟਾਂ ਤੋਂ ਸੰਗਤਾਂ ਕੀਰਤਨ ਸਰਵਣ ਕਰਨ ਲਈ ਪਹੁੰਚਦੀਆਂ ਸਨ। ਗੁਰਬਾਣੀ ਕੀਰਤਨ ਦੇ ਪ੍ਰੇਮੀ ਕੁਝ ਪ੍ਰੀਵਾਰ ਨਿਊਯਾਰਕ ਅਤੇ ਕੈਲੀਫੋਰਨੀਆਂ ਤੋਂ ਵੀ ਪਹੁੰਚੇ ਹੋਏ ਸਨ। ਸੰਗਤਾਂ ਨੇ ਭਾਈ ਸਾਹਿਬ ਜੀ ਨੂੰ ਫਿਰ ਜਲਦੀ ਆਉਣ ਲਈ ਬੇਨਤੀ ਕੀਤੀ। ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਖਹਿਰਾ ਪ੍ਰੀਵਾਰ ਵਲੋਂ ਅਤੇ ਨਿਸ਼ਾਨ ਸਾਹਿਬ ਜੀ ਦੀ ਸੇਵਾ ਸਤਿੰਦਰ ਸਿੰਘ ਅਤੇ ਸਮੂਹ ਪ੍ਰੀਵਾਰ ਵਲੋਂ ਕੀਤੀ ਗਈ। ਸੰਤ ਕਰਮਜੀਤ ਸਿੰਘ ਜੀ ਯਮੁਨਾ ਨਗਰ ਵਾਲਿਆਂ ਨੇ ਵੀ ਸੰਗਤਾਂ ਨੂੰ ਕਥਾ ਰਾਹੀਂ ਨਿਹਾਲ ਕੀਤਾ। --

**ਜਥੇਦਾਰ ਟੌਹੜਾ ਪਹੁੰਚੇ :-** ਸ੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਜੀ ਟੌਹੜਾ 10 ਅਪ੍ਰੈਲ ਨੂੰ ਗੁਰਦਵਾਰਾ ਗੁਰਜੋਤਿ ਪ੍ਰਕਾਸ਼ ਸਾਹਿਬ (ਸ਼ਿਕਾਗੋ) ਵਿਖੇ ਪਹੁੰਚੇ। ਵੱਖ ਵੱਖ ਸਟੇਟਾਂ ਤੋਂ ਭਾਰੀ ਗਿਣਤੀ ਵਿਚ ਪਹੁੰਚੇ ਉਨ੍ਹਾਂ ਦੇ ਸਮਰਥਕਾਂ ਨੇ ਸ਼ਿਕਾਗੋ ਦੇ ਅੰਤਰਰਾਜੀ ਹਵਾਈ ਅੱਡੇ ਤੇ ਉਨ੍ਹਾਂ ਦਾ ਸ਼ਾਨਦਾਰ ਢੰਗ ਨਾਲ ਸਨਮਾਨ ਕੀਤਾ। ਸ਼ਿਕਾਗੋ ਪੁਲੀਸ ਨੇ ਜਥੇਦਾਰ ਟੌਹੜਾ ਨੂੰ ਵਿਸ਼ੇਸ਼ ਸੁਰੱਖਿਆ ਪ੍ਰਦਾਨ ਕੀਤੀ। 13 ਅਪ੍ਰੈਲ ਵਿਸਾਖੀ ਵਾਲੇ ਦਿਨ ਉਨ੍ਹਾਂ ਗੁਰਦਵਾਰਾ ਗੁਰਜੋਤਿ ਪ੍ਰਕਾਸ਼ ਸਾਹਿਬ ਭਾਰੀ ਗਿਣਤੀ ਵਿਚ ਜੁੜੀਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਗੁਰੂ ਵਾਲੇ ਬਣਨ ਦੀ ਪ੍ਰੇਰਨਾ ਕੀਤੀ ਉਨ੍ਹਾਂ ਕੋਈ ਵੀ ਰਾਜਨੀਤਕ ਮੁਦਾ ਨਹੀਂ ਛੇੜਿਆ। ਇਸ ਉਪਰੰਤ ਉਹ ਲਾਸ ਏਂਜਲਸ ਨੂੰ ਯੋਗੀ ਹਰਭਜਨ ਸਿੰਘ ਜੀ ਦੇ ਸੱਦੇ ਤੇ ਰਵਾਨਾ ਹੋ ਗਏ। --

**ਅੰਮ੍ਰਿਤ ਸੰਚਾਰ :-** ਵਿਸਾਖੀ ਸਮਾਗਮ ਤੇ ਗੁਰਦਵਾਰਾ ਗੁਰਜੋਤਿ ਪ੍ਰਕਾਸ਼ ਸਾਹਿਬ ਦੇ ਤਿਆਰ ਬਰ ਤਿਆਰ ਸਿੰਘਾਂ ਵਲੋਂ ਅੰਮ੍ਰਿਤ ਸੰਚਾਰ ਕੀਤਾ ਗਿਆ। ਅੰਮ੍ਰਿਤ ਅਭਿਲਾਖੀਆਂ ਨੂੰ ਭੇਟਾ ਰਹਿਤ ਕਕਾਰ ਅਤੇ ਮੁਫਤ ਲਿਟਰੇਚਰ ਦਿਤਾ ਗਿਆ। ਅੰਮ੍ਰਿਤ ਛਕਣ ਵਾਲਿਆਂ ਵਿਚ ਗੈਰ-ਸਿਖ ਨੌਜਵਾਨ, ਇਸਾਈ ਲੜਕੀ ਵੀ ਸ਼ਾਮਲ ਸੀ। ਬਾਬਾ ਦਲਜੀਤ ਸਿੰਘ ਜੀ ਨੇ ਉਸ ਨੂੰ ਅੰਗਰੇਜ਼ੀ ਭਾਸ਼ਾ ਵਿਚ ਰਹਿਤ ਮਰਿਆਦਾ ਸਮਝਾਈ, ਅੰਮ੍ਰਿਤ ਛਕਾਉਣ ਉਪਰੰਤ ਉਸ ਦਾ ਨਾਂ ਜਗਬੀਰ ਕੌਰ ਰੱਖਿਆ ਗਿਆ। ਸਮਾਗਮ ਦੀ ਸਮਾਪਤੀ ਸਮੇਂ ਬਾਬਾ ਦਲਜੀਤ ਸਿੰਘ ਜੀ ਨੇ ਸਮੂਹ ਸੰਗਤਾਂ ਨੂੰ ਵਧ ਤੋਂ ਵਧ ਨਾਮ ਸਿਮਰਨ ਨਾਲ ਜੁੜਨ, ਬਾਣੀ ਕੰਠ ਕਰਨ ਅਤੇ ਗੁਰੂ ਵਾਲੇ ਬਣਨ ਦੀ ਪ੍ਰੇਰਨਾ ਕੀਤੀ। --


ਵਲੋਂ : ਪ੍ਰੈਸ ਸਕੱਤਰ, ਗੁ: ਗੁਰਜੋਤਿ ਪ੍ਰਕਾਸ਼ ਸਾਹਿਬ ਸ਼ਿਕਾਗੋ
Tel.: 847-526-5633 Fax : 847-526-5678, 217 W. State Rd. Island Lake - 600 42 USA.